JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



To view our online newspaper visit punjabipost.ca/epaper | Vol 21* Issue 89 | Friday, May 06, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



### ਅੰਦਰ ਇਹ ਵੀ ਪੜ੍ਹੋ

ਕਾਨੂੰਨੀ ਤੌਰ 'ਤੇ ਗਰਭਪਾਤ ਤੱਕ ਪਹੁੰਚ ਦੀ ਪੈਰਵੀ ਕਰ ਰਹੇ ਹਨ ਲਿਬਰਲ


ਪੰਨਾ 03

26 ਹਜ਼ਾਰ ਤੋਂ ਵੱਧ ਨੌਕਰੀਆਂ ਦੀ ਭਰਤੀ ਕਰਨ ਦਾ ਕੰਮ ਸ਼ੁਰੂ


ਪੰਨਾ 05


# ਗੈਰ ਰਸਮੀ ਬਹਿਸ ਵਿਚ ਕੰਜ਼ਰਵੇਟਿਵਾਂ ਨੇ ਇਕ ਦੂਜੇ ਦੇ ਸਿਆਸੀ ਰਿਕਾਰਡ 'ਤੇ ਜੰਮ ਕੇ ਕੀਤੇ ਵਾਰ

ਓਟਵਾ, 5 ਮਈ (ਪੋਸਟ ਬਿਊਰੋ) : ਟੋਰੀ ਲੀਡਰਸ਼ਿਪ ਦੌੜ ਵਿੱਚ ਸ਼ਾਮਲ ਕੰਜ਼ਰਵੇਟਿਵ ਐਮਪੀ ਪਿਏਰ ਪੌਲੀਏਵਰ ਤੇ ਕਿਊਬਿਕ ਦੇ ਸਾਬਕਾ ਪ੍ਰੀਮੀਅਰ ਜੀਨ ਚਾਰੈਸਟ ਨੇ ਪਹਿਲੀ ਗੈਰ ਰਸਮੀ ਬਹਿਸ ਵਿੱਚ ਇੱਕ ਦੂਜੇ ਦੇ ਸਿਆਸੀ ਰਿਕਾਰਡ ਉੱਤੇ ਜੰਮ ਕੇ ਧਾਵਾ ਬੋਲਿਆ।

ਪੌਲੀਏਵਰ, ਕੈਨੇਡੀਅਨਜ਼ ਨੂੰ ਵਧੇਰੇ ਆਜ਼ਾਦੀ ਦੇਣ ਦੇ ਵਾਅਦੇ ਨਾਲ ਆਪਣੀ ਚੋਣ ਮੁਹਿੰਮ ਚਲਾ ਰਹੇ ਹਨ। ਦੇਸ਼ ਭਰ ਵਿੱਚ ਉਨ੍ਹਾਂ ਵੱਲੋਂ ਕੀਤੀਆਂ ਜਾ ਰਹੀਆਂ ਰੈਲੀਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਜੁਟ ਰਹੇ ਹਨ। ਕੰਜ਼ਰਵੇਟਿਵ ਸਮਰਥਕਾਂ ਨਾਲ ਭਰੇ ਕਮਰੇ ਵਿੱਚ ਛੇ ਉਮੀਦਵਾਰਾਂ ਵਿੱਚੋਂ ਹਾਜ਼ਰ ਹੋਏ ਪੰਜ ਉਮੀਦਵਾਰਾਂ ਦਰਮਿਆਨ ਚੱਲੀ ਬਹਿਸ ਵਿੱਚ ਪੌਲੀਏਵਰ ਨੇ ਚਾਰੈਸਟ ਉੱਤੇ ਨਿਸ਼ਾਨਾ ਸਾਧੀ ਰੱਖਿਆ।



ਇੱਕ ਵਾਰੀ ਕਿਊਬਿਕ ਦੀ ਲਿਬਰਲ ਪਾਰਟੀ ਦੀ ਅਗਵਾਈ ਕਰਨ ਵਾਲੇ ਚਾਰੈਸਟ ਨੂੰ ਓਟਵਾ ਏਰੀਆ ਨਾਲ ਸਬੰਧਤ ਐਮਪੀ ਪੌਲੀਏਵਰ ਨੇ ਵਾਰੀ ਵਾਰੀ ਲਿਬਰਲ ਆਖਿਆ। ਚਾਰੈਸਟ ਨੇ ਆਪਣੇ ਰਿਕਾਰਡ ਨੂੰ ਸਾਫ ਸੁਥਰਾ ਦੱਸਦਿਆਂ ਆਖਿਆ ਕਿ ਕਿਊਬਿਕ ਵਿੱਚ ਉਹੀ ਸਨ ਜਿਨ੍ਹਾਂ ਨੇ ਇਨਕਮ ਟੈਕਸ ਵਿੱਚ ਕਟੌਤੀ ਕੀਤੀ ਤੇ ਕ੍ਰੈਡਿਟ ਰੇਟਿੰਗ ਏਜੰਸੀ ਨੇ ਅਸਲ ਵਿੱਚ ਇਹ ਆਖਿਆ ਸੀ ਕਿ ਵੱਡੇ ਮੰਦਵਾੜੇ ਵਿੱਚੋਂ ਨਿਕਲਣ ਲਈ ਕਿਊਬਿਕ ਵਾਸੀਆਂ ਦੀ ਹੋਰਨਾਂ ਪ੍ਰੋਵਿੰਸਾਂ ਦੇ ਮੁਕਾਬਲੇ ਅਸੀਂ ਬਿਹਤਰ ਮਦਦ ਕੀਤੀ। ...ਬਾਕੀ ਪੰਨਾ 6 'ਤੇ

# ਕਾਨੂੰਨੀ ਤੌਰ 'ਤੇ ਗਰਭਪਾਤ ਤੱਕ ਪਹੁੰਚ ਦੀ ਪੈਰਵੀ ਕਰ ਰਹੇ ਹਨ ਲਿਬਰਲ

ਓਟਵਾ, 5 ਮਈ (ਪੋਸਟ ਬਿਊਰੋ) : ਕੈਨੇਡਾ ਤੇ ਅਮਰੀਕਾ ਦੋਵਾਂ ਦੇਸ਼ਾਂ ਵਿੱਚ ਲਿਬਰਲ ਨੀਤੀ ਘਾੜਿਆਂ ਵੱਲੋਂ ਕਾਨੂੰਨੀ ਤੌਰ ਉੱਤੇ ਗਰਭਪਾਤ ਤੱਕ ਪਹੁੰਚ ਦੀ ਪੈਰਵੀ ਕੀਤੀ ਜਾ ਰਹੀ ਹੈ।



ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਜੋ ਕਿ ਅਖੌਤੀ ਤੌਰ ਉੱਤੇ ਪ੍ਰਗਤੀਸ਼ੀਲ ਕਦਰਾਂ ਕੀਮਤਾਂ ਦੇ ਹਮਾਇਤੀ ਰਹੇ ਹਨ, ਵੱਲੋਂ ਬੁੱਧਵਾਰ ਨੂੰ ਵਾਅਦਾ ਕੀਤਾ ਗਿਆ ਕਿ ਉਹ ਕੈਨੇਡੀਅਨ ਮਹਿਲਾਵਾਂ ਦੀ ਸੁਰੱਖਿਅਤ ਤੇ ਕਾਨੂੰਨੀ ਤੌਰ ਉੱਤੇ ਗਰਭਪਾਤ ਕਰਵਾਉਣ ਦੀ ਸਮਰੱਥਾ ਦੀ ਹਿਫਾਜ਼ਤ ਕਰਨਗੇ। ਹਾਲਾਂਕਿ ਉਨ੍ਹਾਂ ਇਹ ਸਪਸ਼ਟ ਨਹੀਂ ਕੀਤਾ ਕਿ ਉਹ ਅਜਿਹਾ ਕਿਵੇਂ ਕਰਨਗੇ। ਗਰਭਪਾਤ ਦੇ ਅਧਿਕਾਰ ਦਾ ਕੈਨੇਡਾ ਵਿੱਚ ਕਿਤੇ ਜ਼ਿਕਰ ਨਹੀਂ ਮਿਲਦਾ।

ਇਸ ਸਬੰਧ ਵਿੱਚ 1988 ਵਿੱਚ ਸੁਪਰੀਮ ਕੋਰਟ ਦੇ ਫੈਸਲੇ ਕਾਰਨ ਹੀ ਕੈਨੇਡਾ ਵਿੱਚ ਗਰਭਪਾਤ ਨੂੰ ਗੈਰਕਾਨੂੰਨੀ ਨਹੀਂ ਮੰਨਿਆ ਜਾਂਦਾ। ਪਰ ਇਸ ਸਬੰਧ ਵਿੱਚ ਕਦੇ ਕੋਈ ਬਿੱਲ ਪਾਸ ਨਹੀਂ ਹੋਇਆ ਤੇ ਨਾ ਹੀ ਇਸ ਨੂੰ ਕਦੇ ਚਾਰਟਰ ਆਫ ਰਾਈਟਸ ਐਂਡ ਫਰੀਡਮਜ਼ ਤਹਿਤ ਸੰਵਿਧਾਨਕ ਤੌਰ ਉੱਤੇ ਅਧਿਕਾਰ ਦਾ ਹੀ ਦਰਜਾ ਦਿੱਤਾ ਗਿਆ ਹੈ।

ਬੁੱਧਵਾਰ ਨੂੰ ਜਦੋਂ ਟਰੂਡੋ ਤੋਂ ਇਹ ਪੁੱਛਿਆ ਗਿਆ ਕਿ ਕੀ ਸਰਕਾਰ ਕਾਨੂੰਨ ਲਿਆ ਕੇ ਇਸ ਅਧਿਕਾਰ ਨੂੰ ਮਾਨਤਾ ਦੇਵੇਗੀ ਤਾਂ ਉਨ੍ਹਾਂ ਆਖਿਆ ਕਿ ਇਸ ਸਬੰਧੀ ਫੈਸਲਾ ਕਰਨ ਦਾ ਅਧਿਕਾਰ ਸਿਰਫ ਤੇ ਸਿਰਫ ਮਹਿਲਾ ਦਾ ਆਪਣਾ ਹੈ। ਇਸ ਦੌਰਾਨ ਸਿਹਤ ਮੰਤਰੀ ਜੀਨ ਯਵੇਸ ਡਕਲਸ ਤੇ ਸਟੇਟਸ ਆਫ ਵੂਮਨ ਮੰਤਰੀ ਮਾਰਸੀ ਲੇਨ ਨੇ ਆਖਿਆ ਕਿ ਇਸ ਸਬੰਧ ਵਿੱਚ ਇਹ ਯਕੀਨੀ ਬਣਾਉਣ ਲਈ ਕਿ ਮਹਿਲਾਵਾਂ ਦੇ ਅਧਿਕਾਰਾਂ ਦੀ ਪੂਰੀ ਹਿਫਾਜ਼ਤ ਹੋਵੇ, ਕਾਨੂੰਨੀ ਖਰੜਾ ਲਿਆਉਣ ਦੀ ਜਾਂਚ ਕੀਤੀ ਜਾ ਰਹੀ ਹੈ।

# ਪੁਲਿਸ ਨੇ ਕੀਤੀ ਪੁਸ਼ਟੀ, ਕੂੜੇਦਾਨ ਵਿੱਚੋਂ ਮਿਲੀ ਲਾਸ਼ ਬੱਚੀ ਦੀ ਸੀ

ਟੋਰਾਂਟੋ,5 ਮਈ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਰੇਜ਼ਡੇਲ ਦੇ ਕੂੜੇਦਾਨ ਵਿੱਚੋਂ ਇਸ ਹਫਤੇ ਜਿਹੜੀ ਲਾਸ਼ ਮਿਲੀ ਸੀ ਉਹ ਨਿੱਕੀ ਬੱਚੀ ਦੀ ਸੀ।

ਪੁਲਿਸ ਨੇ ਦੱਸਿਆ ਕਿ ਬੱਚੀ ਦੀ ਉਮਰ ਚਾਰ ਤੋਂ ਸੱਤ ਸਾਲ ਦਰਮਿਆਨ ਹੋਵੇਗੀ। ਪੁਲਿਸ ਦਾ ਇਹ ਵੀ ਮੰਨਣਾ ਹੈ ਕਿ ਬੱਚੀ ਦੀ ਲਾਸ਼ ਹੁਣ ਮਿਲੀ ਹੈ ਪਰ ਉਸ ਦੀ ਮੌਤ ਲੱਗਭਗ ਇੱਕ ਸਾਲ ਪਹਿਲਾਂ ਹੋਈ ਹੋਵੇਗੀ। ਟੋਰਾਂਟੋ ਪੁਲਿਸ ਇੰਸਪੈਕਟਰ ਹੈਂਕ ਇਡਸਿੰਗਾ ਨੇ ਵੀਰਵਾਰ ਨੂੰ ਦਿੱਤੀ ਅਪਡੇਟ ਵਿੱਚ ਆਖਿਆ ਕਿ ਜਾਂਚਕਾਰਾਂ ਦਾ ਮੰਨਣਾ ਹੈ ਕਿ ਬੱਚੀ ਕੁਦਰਤੀ ਮੌਤ ਨਹੀਂ ਮਰੀ। ਉਨ੍ਹਾਂ ਆਖਿਆ ਕਿ ਇਸ ਸਮੇਂ ਜਾਂਚ ਵਿੱਚ ਹੋਮੀਸਾਈਡ ਇਨਵੈਸਟੀਗੇਟਿਵ ਰਿਸਪਾਂਸ ਟੀਮ ਦੇ ਨਾਲ ਨਾਲ ਮਿਸਿੰਗ ਪਰਸਨਜ਼ ਯੂਨਿਟ ਵੀ ਸ਼ਾਮਲ ਹਨ।



ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਕਾਸਲ ਫਰੈਂਕ ਰੋਡ ਨੇੜੇ ਡੇਲ ਐਵਨਿਊ ਉੱਤੇ ਸਥਿਤ ਉਸਾਰੀ ਅਧੀਨ ਘਰ ਦੇ ਕੂੜੇਦਾਨ ਤੋਂ ਬੱਚੀ ਦੀ ਲਾਸ਼ ਮਿਲੀ ਸੀ। ਇੱਕ ਵਰਕਰ ਨੇ ਸੱਭ ਤੋਂ ਪਹਿਲਾਂ ਇਸ ਲਾਸ਼ ਨੂੰ ਵੇਖ ਕੇ ਸ਼ਾਮੀਂ 4:45 ਉੱਤੇ ਪੁਲਿਸ ਨੂੰ ਇਸ ਬਾਰੇ ਇਤਲਾਹ ਦਿੱਤੀ। ਜਾਂਚਕਾਰਾਂ ਅਨੁਸਾਰ ਬੱਚੀ ਦੀ ਲਾਸ਼ ਨੂੰ 28 ਅਪਰੈਲ ਨੂੰ ਰਾਤੀਂ 12:00 ਵਜੇ ਦਰਮਿਆਨ ਕਿਤੇ ਇਸ ਕੂੜੇਦਾਨ ਵਿੱਚ ਸੁੱਟਿਆ ਗਿਆ ਹੋਵੇਗਾ।

...ਬਾਕੀ ਪੰਨਾ 6 'ਤੇ

# ਟੋਰਾਂਟੋ, ਜੀਟੀਏ ਵਿੱਚ ਗੈਸ ਦੀਆਂ ਕੀਮਤਾਂ ਹੋਰ ਵਧਣ ਦੀ ਸੰਭਾਵਨਾ

ਟੋਰਾਂਟੋ, 5 ਮਈ (ਪੋਸਟ ਬਿਊਰੋ) : ਸ਼ੁੱਕਰਵਾਰ ਨੂੰ ਜੀਟੀਏ ਦੇ ਬਹੁਤੇ ਸਟੇਸ਼ਨਾਂ ਉੱਤੇ ਗੈਸ ਦੀਆਂ ਕੀਮਤਾਂ 194.9 ਸੈਂਟ ਪ੍ਰਤੀ ਲੀਟਰ ਤੱਕ ਅੱਪੜਣ ਦੀ ਸੰਭਾਵਨਾ ਹੈ।



ਇਹ ਜਾਣਕਾਰੀ ਐਨ-ਪ੍ਰੋ ਦੇ ਚੀਫ ਪੈਟਰੋਲੀਅਮ ਵਿਸ਼ਲੇਸ਼ਕ ਰੌਜਰ ਮੈਕਨਾਈਟ ਨੇ ਦਿੱਤੀ। ਇਸ ਸਮੇਂ 190.9 ਸੈਂਟ ਪ੍ਰਤੀ ਲੀਟਰ ਦਾ ਰਿਕਾਰਡ 10 ਮਾਰਚ ਨੂੰ ਕਾਇਮ ਹ'ਇਆ ਸੀ। ਇਸ ਹਫਤੇ ਦੇ ਸ਼ੁਰੂ ਵਿੱਚ ਵੀ ਕੀਮਤਾਂ ਇਸ ਹੱਦ ਤੱਕ ਵੱਧ ਗਈਆਂ। ਵੀਰਵਾਰ ਸਵੇਰੇ ਇਸ ਰਿਕਾਰਡ ਦੀ ਉਸ ਸਮੇਂ ਬਰਾਬਰੀ ਹੋਈ ਜਦੋਂ ਐਸੋ ਵੱਲੋਂ ਪਹਿਲਾਂ ਐਲਾਨੀਆਂ ਗਈਆਂ 189.9 ਦੀਆਂ ਕੀਮਤਾਂ ਦੀ ਥਾਂ ਉੱਤੇ ਇਨ੍ਹਾਂ ਵਿੱਚ 190.9 ਸੈਂਟ ਦਾ ਵਾਧਾ ਕੀਤਾ।

ਅਜਿਹਾ ਨਹੀਂ ਹੈ ਕਿ ਕੀਮਤਾਂ ਹੋਲਸੇਲ ਰੇਟ ਵਧਣ ਕਾਰਨ ਵਧੀਆਂ ਹਨ ਸਗੋਂ ਐਸੋ ਵੱਲੋਂ ਇਹ ਸੋਚੇ ਜਾਣ ਕਾਰਨ ਕਿ ਹੁਣ ਪੰਪ ਉੱਤੇ ਹੋਰ ਮੁਨਾਫਾ ਕਮਾਉਣ ਦਾ ਸਮਾਂ ਆ ਗਿਆ ਹੈ, ਇਨ੍ਹਾਂ ਕੀਮਤਾਂ ਵਿੱਚ ਵਾਧਾ ਹੋਵੇਗਾ। ਇਸ ਹਫਤੇ ਵੀ ਤੇਲ ਦੀ ਕੀਮਤ ਵਿੱਚ ਵਾਧਾ ਲਗਾਤਾਰ ਜਾਰੀ ਰਿਹਾ ਤੇ ਸ਼ੁੱਕਰਵਾਰ ਨੂੰ ਗੈਸ ਦੀਆਂ ਕੀਮਤਾਂ ਵਿੱਚੋਂ ਹੋਣ ਵਾਲੇ ਵਾਧੇ ਦਾ ਕਾਰਨ ਵੀ ਤੇਲ ਕੰਪਨੀਆਂ ਨੂੰ ਹੋਣ ਵਾਲਾ ਮੁਨਾਫਾ ਹੀ ਰਹੇਗਾ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਡਰਾਈਵਰ 2 ਡਾਲਰ ਪ੍ਰਤੀ ਲੀਟਰ ਦੇ ਹਿਸਾਬ ਨਾਲ ਪੈਸੇ ਅਦਾ ਕਰਦੇ ਨਜ਼ਰ ਆਉਣਗੇ।

# ਜੀਟੀਏ ਵਿੱਚ ਪੀਸੀ ਪਾਰਟੀ ਦੀ ਲੀਡ ਬਰਕਰਾਰ : ਸਰਵੇਖਣ ਰਿਪੋਰਟ




ਓਨਟਾਰੀਓ, 5 ਮਈ (ਪੋਸਟ ਬਿਊਰੋ) : ਇੱਕ ਨਵੇਂ ਸਰਵੇਖਣ ਅਨੁਸਾਰ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਫੋਰਡ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਅੱਗੇ ਚੱਲ ਰਹੀ ਹੈ।

ਫੋਰਮ ਰਿਸਰਚ ਪੋਲ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਪਾਇਆ ਗਿਆ ਕਿ ਇਸ ਸਮੇਂ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਨੂੰ 38 ਫੀ ਸਦੀ ਸਮਰਥਨ ਹਾਸਲ ਹੈ, ਲਿਬਰਲਾਂ ਨੂੰ 31 ਫੀ ਸਦੀ ਤੇ ਐਨਡੀਪੀ ਨੂੰ 25 ਫੀ ਸਦੀ ਸਮਰਥਨ ਹਾਸਲ ਹੈ ਜਦਕਿ ਗ੍ਰੀਨ ਪਾਰਟੀ 3 ਫੀ ਸਦੀ ਸਮਰਥਨ ਹਾਸਲ ਕਰਕੇ ਸੱਭ ਤੋਂ ਪਿੱਛੇ ਚੱਲ ਰਹੀ ਹੈ।

ਪੀਸੀ ਪਾਰਟੀ ਨੂੰ ਵਧੇਰੇ ਸਮਰਥਨ, 41 ਫੀ ਸਦੀ, ਅੰਦਰੂਨੀ ਸਬਅਰਬਜ਼ ਜਿਵੇਂ ਕਿ ਨੌਰਥ ਯੌਰਕ, ਇਟੋਬੀਕੋ, ਯੌਰਕ ਤੇ ਸਕਾਰਬਰੋ ਵਿੱਚ ਮਿਲ ਰਿਹਾ ਹੈ, ਲਿਬਰਲਾਂ ਨੂੰ ਇੱਥੇ 30 ਫੀ ਸਦੀ, ਐਨਡੀਪੀ ਨੂੰ 22 ਫੀ ਸਦੀ ਤੇ ਗ੍ਰੀਨਜ਼ ਨੂੰ 4 ਫੀ ਸਦੀ ਸਮਰਥਨ ਮਿਲ ਰਿਹਾ ਹੈ। ਡਾਊਨਟਾਊਨ ਟੋਰਾਂਟੋ ਵਿੱਚ ਮੁੱਖ ਮੁਕਾਬਲਾ ਲਿਬਰਲਾਂ ਤੇ ਐਨਡੀਪੀ ਦਰਮਿਆਨ ਨਜ਼ਰ ਆ ਰਿਹਾ ਹੈ ਜਿੱਥੇ ਦੋਵਾਂ ਪਾਰਟੀਆਂ ਨੂੰ 37 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ, ਇੱਥੇ ਪੀਸੀ ਪਾਰਟੀ ਨੂੰ 22 ਫੀ ਸਦੀ ਤੇ ਗ੍ਰੀਨਜ਼ ਨੂੰ 3 ਫੀ ਸਦੀ ਸਮਰਥਨ ਮਿਲ ਰਿਹਾ ਹੈ। ਈਸਟ ਯੌਰਕ ਵਿੱਚ ਹੋਰਨਾਂ ਪਾਰਟੀਆਂ ਦੇ ਮੁਕਾਬਲੇ ਐਨਡੀਪੀ ਨੂੰ 52 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ।


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. | 1332 Khalsa Dr, Unit # 11, Mississauga, ON L5S 0A2

MOTEL FOR SALE ON HWY 7
IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit
RAJ HANDA BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor
416-724-5000

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

chatr™ AUTHORIZED DEALER

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਚਾਰੈਸਟ ਨੇ ਕਿਫਾਇਤੀ ਘਰਾਂ ਦੀ ਸਮੱਸਿਆ ਨੂੰ ਹੱਲ ਕਰਨ ਦਾ ਕੀਤਾ ਵਾਅਦਾ

ਓਨਟਾਰੀਓ, 5 ਮਈ (ਪੋਸਟ ਬਿਊਰੋ) : ਕੰਜ਼ਰਵੇਟਿਵ ਲੀਡਰਸ਼ਿਪ ਉਮੀਦਵਾਰ ਜੀਨ ਚਾਰੈਸਟ ਦਾ ਕਹਿਣਾ ਹੈ ਕਿ ਉਹ ਨਵੇਂ ਘਰਾਂ ਦੀ ਸਪਲਾਈ ਨੂੰ ਹੱਲਾਸ਼ੇਰੀ ਦੇ ਕੇ ਕੈਨੇਡਾ ਵਿੱਚ ਕਿਫਾਇਤੀ ਘਰਾਂ ਦੀ ਸਮੱਸਿਆ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਦੇ ਲੀਡਰਸ਼ਿਪ ਦੌੜ ਦੇ ਮੁੱਖ ਵਿਰੋਧੀ ਵੱਲੋਂ ਤੇ ਲਿਬਰਲ ਸਰਕਾਰ ਵੱਲੋਂ ਵੀ ਇਹ ਮੁੱਦਾ ਉਠਾਇਆ ਜਾ ਚੁੱਕਿਆ ਹੈ।



ਇਹ ਰਣਨੀਤੀ ਚਾਰੈਸਟ ਦੇ ਹਾਊਸਿੰਗ ਪਲੈਨ ਵਿੱਚ ਵੀ ਨਜ਼ਰ ਆਉਂਦੀ ਹੈ ਤੇ ਇਸ ਨੂੰ ਅੱਜ "ਬਿਲਡਿੰਗ ਦ ਕੈਨੇਡੀਅਨ ਡਰੀਮ" ਨਾਂ ਤਹਿਤ ਲਾਂਚ ਕੀਤਾ ਜਾਵੇਗਾ। ਇਸ ਪਲੈਨ ਦਾ ਸਿੱਧਾ ਸਿੱਧਾ ਮਤਲਬ ਇਹ ਹੈ ਕਿ ਹਰ ਕੈਨੇਡੀਅਨ ਦੇ ਆਪਣਾ ਘਰ ਹੋਣ ਦਾ ਸੁਪਨਾ ਪੂਰਾ ਕਰਨਾ। ਅਜਿਹਾ ਕਈ ਸਾਲਾਂ ਤੋਂ ਘਰਾਂ ਦੀਆਂ ਲਗਾਤਾਰ ਵੱਧ ਰਹੀਆਂ ਕੀਮਤਾਂ ਕਾਰਨ ਆਮ ਨਾਗਰਿਕਾਂ ਦੇ ਵੱਸ ਤੋਂ ਬਾਹਰ ਦੀ ਗੱਲ ਹੋ ਗਈ ਹੈ। ਇਨ੍ਹਾਂ ਆਸਮਾਨੀ ਚੜ੍ਹੀਆਂ ਕੀਮਤਾਂ ਕਾਰਨ ਬਹੁਤੇ ਕੈਨੇਡੀਅਨ ਆਪਣੇ ਘਰ ਦਾ ਸੁਪਨਾ ਪੂਰਾ ਨਹੀਂ ਕਰ ਪਾ ਰਹੇ।

ਕਿਊਬਿਕ ਦੇ ਸਾਬਕਾ ਪ੍ਰੀਮੀਅਰ ਚਾਰੈਸਟ ਨੇ ਆਖਿਆ ਕਿ ਓਟਵਾ ਸਰਕਾਰ ਇਸ ਸੰਕਟ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦੀ ਹੈ ਤੇ ਮਿਊਂਸਪਲ ਅਤੇ ਪ੍ਰੋਵਿੰਸ਼ੀਅਲ ਸਰਕਾਰਾਂ ਨੂੰ ਸਹਿਯੋਗ ਦੇ ਸਕਦੀ ਹੈ। ਉਨ੍ਹਾਂ ਆਖਿਆ ਕਿ ਹਾਊਸਿੰਗ ਵਰਗੇ ਇਸ ਮਾਮਲੇ ਵਿੱਚ ਫੈਡਰਲ ਸਰਕਾਰ ਨੂੰ ਸਕਾਰਾਤਮਕ ਭੂਮਿਕਾ ਨਿਭਾਉਣੀ ਚਾਹੀਦੀ ਹੈ। ਸਾਨੂੰ ਇਹ ਮੰਨਣਾ ਹੋਵੇਗਾ ਕਿ ਇਸ ਮਾਮਲੇ ਨੂੰ ਲੈ ਕੇ ਮਿਊਂਸਪੈਲਿਟੀਜ਼ ਤੇ ਪ੍ਰੋਵਿੰਸਾਂ ਨੂੰ ਮੁੱਖ ਭੂਮਿਕਾ ਨਿਭਾਉਣ ਦੇਣੀ ਚਾਹੀਦੀ ਹੈ।

ਚਾਰੈਸਟ ਦੇ ਮੁੱਖ ਵਿਰੋਧੀ ਮੰਨੇ ਜਾ ਰਹੇ ਪਿਏਰ ਪੌਲੀਐਵਰ ਨੇ ਵੀ ਹਾਊਸਿੰਗ ਦੇ ਮੁੱਦੇ ਨੂੰ ਮੁੱਖ ਰੂਪ ਵਿੱਚ ਛੋਹਣ ਦਾ ਫੈਸਲਾ ਕੀਤਾ ਹੈ। ਇੱਥੇ ਹੀ ਬੱਸ ਨਹੀਂ ਫੈਡਰਲ ਲਿਬਰਲ ਸਰਕਾਰ ਵੀ ਹਾਊਸਿੰਗ ਨੂੰ ਮੁੱਖ ਮੁੱਦਾ ਕਰਾਰ ਦੇ ਚੁੱਕੀ ਹੈ। 2022 ਦੇ ਬਜਟ ਵਿੱਚ ਸਰਕਾਰ ਨੇ ਹਾਊਸਿੰਗ ਨੂੰ ਵਧੇਰੇ ਕਿਫਾਇਤੀ ਬਣਾਉਣ ਲਈ ਨਵੇਂ ਪ੍ਰੋਗਰਾਮਾਂ ਤੇ ਪਾਲਿਸੀ ਸਬੰਧੀ ਤਬਦੀਲੀਆਂ ਲਈ 10 ਬਿਲੀਅਨ ਡਾਲਰ ਤੋਂ ਵੱਧ ਰਾਖਵੇਂ ਰੱਖੇ ਹਨ।

ਇਸ ਮਾਮਲੇ ਵਿੱਚ ਭਾਵੇਂ ਸਾਰਿਆਂ ਦੀ ਰਾਇ ਇੱਕ ਹੀ ਹੈ ਪਰ ਚਾਰੈਸਟ ਨੇ ਆਖਿਆ ਕਿ ਸਾਡਾ ਟੀਚਾ ਹਾਊਸਿੰਗ ਸਬੰਧੀ ਸਪਲਾਈ ਵਿੱਚ ਬੇਤਹਾਸ਼ਾ ਵਾਧਾ ਕਰਨਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਹ ਸਕਿੱਲਡ ਕੰਸਟ੍ਰਕਸ਼ਨ ਵਰਕਰਜ਼ ਲਈ ਨਵਾਂ ਇਮੀਗ੍ਰੇਸ਼ਨ ਰਾਹ ਵੀ ਤਿਆਰ ਕਰਨਗੇ। ਮਾਹਿਰਾਂ ਵੱਲੋਂ ਨਵੀਂ ਉਸਾਰੀ ਲਈ ਹੁਨਰਮੰਦ ਕਾਮਿਆਂ ਦੀ ਘਾਟ ਦਾ ਮੁੱਦਾ ਵੀ ਉਠਾਇਆ ਜਾ ਚੁੱਕਿਆ ਹੈ।

# ਗਰਭਪਾਤ ਸਬੰਧੀ ਯਥਾਸਥਿਤੀ ਬਹਾਲ ਰੱਖੀ ਜਾਵੇਗੀ : ਫੋਰਡ

ਓਨਟਾਰੀਓ, 5 ਮਈ (ਪੋਸਟ ਬਿਊਰੋ) : ਓਨਟਾਰੀਓ ਪ੍ਰੋਗਰੈਸਿਵ ਕੰਜ਼ਰਵੇਟਿਵ ਆਗੂ ਡੱਗ ਫੋਰਡ ਵੱਲੋਂ ਸ਼ੁੱਕਰਵਾਰ ਨੂੰ ਇਹ ਤਹੱਈਆ ਪ੍ਰਗਟਾਇਆ ਗਿਆ ਕਿ ਉਹ ਪ੍ਰੋਵਿੰਸ ਵਿੱਚ ਗਰਭਪਾਤ ਤੱਕ ਪਹੁੰਚ ਬਰਕਰਾਰ ਰੱਖਣਗੇ ਜਦਕਿ ਤਿੰਨ ਹੋਰਨਾਂ ਮੁੱਖ ਪਾਰਟੀਆਂ ਦਾ ਕਹਿਣਾ ਹੈ ਕਿ ਜੇ ਜੂਨ ਵਿੱਚ ਉਹ ਚੁਣੇ ਜਾਂਦੇ ਹਨ ਤਾਂ ਉਹ ਇਸ ਦਾ ਪਸਾਰ ਕਰਨਗੇ।

ਅਮਰੀਕਾ ਦੇ ਸੁਪਰੀਮ ਕੋਰਟ ਵੱਲੋਂ ਕਾਨੂੰਨੀ ਤੌਰ ਉੱਤੇ ਗਰਭਪਾਤ ਕਰਵਾਏ ਜਾਣ ਦੇ ਅਧਿਕਾਰ ਨੂੰ ਖ਼ਤਮ ਕਰਨ ਸਬੰਧੀ ਲਏ ਗਏ ਫੈਸਲੇ ਦੇ ਲੀਕ ਹੋਏ ਖਰੜੇ ਤੋਂ ਬਾਅਦ ਕੈਨੇਡਾ ਵਿੱਚ ਵੀ ਇਸ ਵਿਸ਼ੇ ਬਾਰੇ ਚਰਚਾ ਛਿੜ ਚੁੱਕੀ ਹੈ। ਪਾਰਟੀ ਆਗੂਆਂ ਤੋਂ ਇਸ ਮੁੱਦੇ ਦੇ ਸਬੰਧ ਵਿੱਚ ਸਵਾਲ ਵੀ ਕੀਤੇ ਜਾ ਰਹੇ ਹਨ।

ਫੋਰਡ ਵੀ ਇੱਕ ਵਾਰੀ ਫਿਰ ਮੈਦਾਨ ਵਿੱਚ ਨਿੱਤਰੇ ਹੋਏ ਹਨ ਤੇ ਉਨ੍ਹਾਂ ਸਪਸ਼ਟ ਕੀਤਾ ਕਿ ਉਹ ਯਥਾਸਥਿਤੀ ਬਣਾਈ ਰੱਖਣਗੇ। ਪਰ ਇਹ ਪੁੱਛੇ ਜਾਣ ਉੱਤੇ ਕਿ ਕੀ ਉਹ ਆਪਣੇ ਕਾਕਸ ਮੈਂਬਰਾਂ ਦੇ ਗਰਭਪਾਤ ਵਿਰੋਧੀ ਵਿਚਾਰਾਂ ਦਾ ਸਵਾਗਤ ਕਰਨਗੇ ਜਾਂ ਨਹੀਂ, ਫੋਰਡ ਜਵਾਬ ਦੇਣ ਤੋਂ ਟਾਲਾ ਵੱਟ ਗਏ। 2019 ਵਿੱਚ ਉਨ੍ਹਾਂ ਦੀ ਪਾਰਟੀ ਦੇ ਤਿੰਨ ਮੈਂਬਰਾਂ ਵੱਲੋਂ ਵਿਧਾਨਸਭਾ ਦੇ ਬਾਹਰ ਗਰਭਪਾਤ ਵਿਰੋਧੀ ਰੈਲੀ ਵਿੱਚ ਵੀ ਹਿੱਸਾ ਲਿਆ ਗਿਆ ਸੀ।

ਬਰੈਂਪਟਨ, ਓਨਟਾਰੀਓ ਵਿੱਚ ਫੋਰਡ ਨੇ ਆਖਿਆ ਕਿ ਅਸੀਂ ਕੁੱਝ ਨਹੀਂ ਬਦਲਣ ਲੱਗੇ, ਸੱਭ ਕੁੱਝ ਹੀ ਪਹਿਲਾਂ ਵਾਂਗ ਰਹੇਗਾ। ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਉਹ ਪ੍ਰੋਵਿੰਸ ਦੇ ਉੱਤਰੀ ਤੇ ਰੂਰਲ ਹਿੱਸਿਆਂ ਵਿੱਚ ਗਰਭਪਾਤ ਤੱਕ ਪਹੁੰਚ ਨੂੰ ਯਕੀਨੀ ਬਣਾਵੇਗੀ ਤੇ ਅਜਿਹਾ ਹੈਲਥਕੇਅਰ ਫੈਸਿਲੀਟੀਜ਼ ਵਿੱਚ ਵਾਧਾ ਕਰਕੇ ਤੇ ਇਨ੍ਹਾਂ ਇਲਾਕਿਆਂ ਵਿੱਚ ਸਟਾਫ ਨੂੰ ਵਧਾ ਕੇ ਕੀਤਾ ਜਾਵੇਗਾ।

ਇਸ ਦੌਰਾਨ ਲਿਬਰਲ ਆਗੂ ਸਟੀਵਨ ਡੈਲ ਡੂਕਾ ਨੇ ਆਖਿਆ ਕਿ ਉਹ ਸੁਰੱਖਿਅਤ ਗਰਭਪਾਤ ਤੱਕ ਪਹੁੰਚ ਯਕੀਨੀ ਬਣਾਉਣਗੇ ਤੇ ਮਹਿਲਾਵਾਂ ਦੇ ਇਸ ਅਧਿਕਾਰ ਉੱਤੇ ਪਹਿਰਾ ਦੇਣਗੇ। ਉਨ੍ਹਾਂ ਆਖਿਆ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਮਹਿਲਾਵਾਂ ਲਈ ਹੈਲਥ ਸੇਵਾਵਾਂ, ਜਿਨ੍ਹਾਂ ਵਿੱਚ ਗਰਭਪਾਤ ਸਬੰਧੀ ਸੇਵਾਵਾਂ ਵੀ ਸ਼ਾਮਲ ਹੋਣਗੀਆਂ, ਯਕੀਨੀ ਬਣਾਉਣ ਲਈ ਉਹ 15 ਮਿਲੀਅਨ ਡਾਲਰ ਖਰਚ ਕਰਨਗੇ।

# ਫੋਰਡ ਨੇ ਇਟੋਬੀਕੋ ਤੋਂ ਕੀਤੀ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ



ਓਨਟਾਰੀਓ, 5 ਮਈ (ਪੋਸਟ ਬਿਊਰੋ) : ਪ੍ਰੋਗਰੈਸਿਵ ਕੰਜ਼ਰਵੇਟਿਵ ਆਗੂ ਡੱਗ ਫੋਰਡ ਨੇ ਆਪਣੀ ਚੋਣ ਮੁਹਿੰਮ ਦੇ ਪਹਿਲੇ ਦਿਨ ਬੁੱਧਵਾਰ ਸ਼ਾਮ ਨੂੰ ਇਟੋਬੀਕੋ ਵਿੱਚ ਰੈਲੀ ਕੀਤੀ।

ਫੋਰਡ ਇਟਬੀਕੋ ਨੌਰਥ ਵਿੱਚ ਹੀ ਪਲੇ ਵੱਢੇ ਹੋਏ ਤੇ ਉਹ ਇਸ ਦੀ ਹੀ ਨੁਮਾਇੰਦਗੀ ਵੀ ਕਰਦੇ ਹਨ। ਰੈਲੀ ਦੌਰਾਨ ਫੋਰਡ ਦੇ ਸਮਰਥਕਾਂ ਨੇ ਨੀਲੇ ਰੰਗ ਦੇ ਸਾਈਨਾਂ ਨਾਲ ਉਨ੍ਹਾਂ ਨੂੰ ਹੱਲਾਸ਼ੇਰੀ ਦਿੱਤੀ। ਇਸ ਰੈਲੀ ਦੌਰਾਨ ਫੋਰਡ ਆਪਣੀ ਯੈੱਸ ਐਕਸਪ੍ਰੈੱਸ ਕੈਂਪੇਨ ਬੱਸ ਵਿੱਚ ਟੋਰਾਂਟੋ ਕਾਂਗਰਸ ਸੈਂਟਰ ਪਹੁੰਚੇ।

ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਫੋਰਡ ਨੇ ਆਖਿਆ ਕਿ ਇੱਕ ਵਾਰੀ ਮੁੜ ਉਹ ਉਨ੍ਹਾਂ ਸਾਰਿਆਂ ਦਾ ਸਮਰਥਨ ਹਾਸਲ ਕਰਨ ਆਏ ਹਨ। ਉਨ੍ਹਾਂ ਆਖਿਆ ਕਿ ਅਜੇ ਕੰਮ ਮੁੱਕਿਆ ਨਹੀਂ ਹੈ ਅਸੀਂ ਤਾਂ ਅਜੇ ਸ਼ੁਰੂਆਤ ਕਰਨ ਜਾ ਰਹੇ ਹਾਂ। ਪੀ ਸੀ ਆਗੂ ਨੇ ਪਹਿਲਾਂ ਐਲਾਨੇ ਗਏ ਕਈ ਕੈਂਪੇਨ ਵਾਅਦਿਆਂ ਦੀ ਗੱਲ ਕੀਤੀ ਤੇ ਇਨ੍ਹਾਂ ਵਿੱਚ ਜ਼ਿਆਦਾ ਜ਼ੋਰ ਇਲੈਕਟ੍ਰਿਕ ਵ੍ਹੀਕਲ ਸੈਕਟਰ, ਹਾਈਵੇਅ 413 ਦੇ ਨਿਰਮਾਣ ਤੇ ਹੈਲਥ ਕੇਅਰ ਇਨਫਰਾਸਟ੍ਰਕਚਰ ਵਿੱਚ ਨਿਵੇਸ਼ ਉੱਤੇ ਦਿੱਤਾ ਗਿਆ।

ਇਸ ਦੌਰਾਨ ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਆਪਣੀ ਮੁਹਿੰਮ ਦੀ ਸ਼ੁਰੂਆਤ ਕੁਈਨਜ਼ ਪਾਰਕ ਤੋਂ ਕੀਤੀ ਤੇ ਫਿਰ ਉਹ ਮਿਸੀਸਾਗਾ, ਪਿੱਕਰਿੰਗ ਤੇ ਸਕਾਰਬਰੋ ਵੀ ਗਈ। ਲਿਬਰਲ ਆਗੂ ਡੈਲ ਡੂਕਾ ਨੇ ਆਪਣੇ ਦਿਨ ਦੀ ਸ਼ੁਰੂਆਤ ਟੋਰਾਂਟੋ ਤੋਂ ਕੀਤੀ ਤੇ ਫਿਰ ਉਨ੍ਹਾਂ ਓਕਵਿੱਲ ਤੇ ਹੈਮਿਲਟਨ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ।

# ਹਿੱਟ ਐਂਡ ਰੰਨ ਮਾਮਲੇ ਵਿੱਚ ਈ-ਬਾਈਕ ਸਵਾਰ ਜ਼ਖ਼ਮੀ

ਨੌਰਥ ਯੌਰਕ, 5 ਮਈ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਹਿੱਟ ਐਂਡ ਰੰਨ ਮਾਮਲੇ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਈ-ਬਾਈਕ ਰਾਈਡਰ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।




ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਮਿਲਦੇ ਸਾਰ ਹੀ ਬੁੱਧਵਾਰ ਨੂੰ ਰਾਤੀਂ 11:30 ਵਜੇ ਪੁਲਿਸ ਫਿੰਚ ਐਵਨਿਊ ਦੇ ਦੱਖਣ ਵੱਲ ਟੋਰੋ ਰੋਡ ਤੇ ਕੀਲ ਸਟਰੀਟ ਏਰੀਆ ਵਿੱਚ ਪਹੁੰਚੀ। ਪੁਲਿਸ ਨੇ ਦੱਸਿਆ ਕਿ ਇੱਕ 41 ਸਾਲਾ ਵਿਅਕਤੀ ਈ-ਬਾਈਕ ਉੱਤੇ ਕੀਲ ਰੋਡ ਉੱਤੇ ਉੱਤਰ ਵੱਲ ਜਾ ਰਿਹਾ ਸੀ ਕਿ ਜਦੋਂ ਕਾਰ ਨੇ ਉਸ ਨੂੰ ਪਿੱਛੋਂ ਆ ਕੇ ਟੱਕਰ ਮਾਰੀ। ਜਦੋਂ ਪੁਲਿਸ ਨੇ ਮੌਕੇ ਦਾ ਮੁਆਇਨਾ ਕੀਤਾ ਤਾਂ ਉਹ ਵਿਅਕਤੀ ਬੇਸੁੱਧ ਪਿਆ ਸੀ ਤੇ ਹਿਲਜੁਲ ਨਹੀਂ ਰਿਹਾ ਸੀ।

ਟੋਰਾਂਟੋ ਪੈਰਾਮੈਡਿਕਸ ਨੇ ਜ਼ਖ਼ਮੀ ਵਿਅਕਤੀ ਨੂੰ ਤੁਰੰਤ ਟਰੌਮਾ ਸੈਂਟਰ ਪਹੁੰਚਾਇਆ। ਪੁਲਿਸ ਨੇ ਦੱਸਿਆ ਕਿ ਈ-ਬਾਈਕ ਇਸ ਹਾਦਸੇ ਵਿੱਚ ਨਕਾਰਾ ਹੋ ਗਈ। ਗੱਡੀ ਦਾ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਪੁਲਿਸ ਗੂੜ੍ਹੇ ਰੰਗ ਦੀ ਕਾਰ ਦੀ ਭਾਲ ਕਰ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਇਸ ਕਾਰ ਦੇ ਸਾਹਮਣੇ ਵਾਲੇ ਹਿੱਸੇ ਤੇ ਡਰਾਈਵਰ ਦੀ ਸੀਟ ਵਾਲੇ ਪਾਸੇ ਦੇ ਸ਼ੀਸ਼ੇ ਨੂੰ ਨੁਕਸਾਨ ਪਹੁੰਚਿਆ ਹੋ ਸਕਦਾ ਹੈ। ਹਾਦਸੇ ਦਾ ਮੁੱਖ ਕਾਰਨ ਤੇਜ਼ ਰਫਤਾਰ ਵੀ ਹੋ ਸਕਦੀ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਯੌਰਕਵਿੱਲ ਵਿੱਚ ਮਿਲੀ ਲਾਸ਼




ਟੋਰਾਂਟੋ, 5 ਮਈ (ਪੋਸਟ ਬਿਊਰੋ) : ਯੌਰਕਵਿੱਲ ਨੇੜੇ ਬੁੱਧਵਾਰ ਸਵੇਰੇ ਇੱਕ ਲਾਸ਼ ਮਿਲਣ ਤੋਂ ਬਾਅਦ ਟੋਰਾਂਟੋ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਵੇਰੇ 8:30 ਵਜੇ ਤੋਂ ਬਾਅਦ ਬਲੂਅਰ ਸਟਰੀਟ ਈਸਟ ਦੇ ਉੱਤਰ ਵੱਲ ਚਰਚ ਸਟਰੀਟ ਤੇ ਪਾਰਕ ਰੋਡ ਇਲਾਕੇ ਵਿੱਚ ਇੱਕ ਲਾਸ਼ ਮਿਲਣ ਦੀ ਖਬਰ ਮਿਲੀ। ਮੌਤ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ ਹੈ ਤੇ ਮ੍ਰਿਤਕ ਦੀ ਪਛਾਣ ਵੀ ਜ਼ਾਹਿਰ ਨਹੀਂ ਕੀਤੀ ਗਈ ਹੈ।

ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲੇ ਨੂੰ ਪੁਲਿਸ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।

# ਰੂਸੀ ਜਨਰਲਾਂ ਨੂੰ ਮਾਰਨ ਲਈ ਯੂਕਰੇਨ ਦੀ ਮੱਦਦ ਅਮਰੀਕੀ ਖੁਫ਼ੀਆ ਏਜੰਸੀਆਂ ਨੇ ਕੀਤੀ

ਵਾਸ਼ਿੰਗਟਨ, 5 ਮਈ, (ਪੋਸਟ ਬਿਊਰੋ)-ਰੂਸ ਅਤੇ ਯੂਕਰੇਨ ਵਿਚਾਲੇ ਚੱਲਦੀ ਜੰਗ ਬਾਰੇ ਇੱਕ ਮੀਡੀਆ ਰਿਪੋਰਟ ਵਿੱਚ ਸੀਨੀਅਰ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਯੂਕਰੇਨ ਦੇ ਅੰਦਰ ਰੂਸੀ ਜਨਰਲਾਂ ਦੀ ਖੁਫੀਆ ਜਾਣਕਾਰੀ ਸਾਂਝੀ ਕਰਕੇ ਅਮਰੀਕਾ ਨੇ ਯੂਕਰੇਨ ਫੌਜ ਦੀ ਮਦਦ ਕੀਤੀ ਹੈ।



ਨਿਊਯਾਰਕ ਟਾਈਮਜ਼ ਦੀ ਰਿਪੋਰਟ ਹੈ ਕਿ ਅਮਰੀਕਾ ਨੇ ਯੂਕਰੇਨ ਨੂੰ ਰੂਸ ਦੇ ਮੋਬਾਈਲ ਫੌਜੀ ਹੈੱਡਕੁਆਰਟਰ ਦੀ ਜਾਣਕਾਰੀ ਦਿੱਤੀ ਸੀ। ਇਹ ਮੋਬਾਈਲ ਹੈੱਡਕੁਆਰਟਰ ਅਕਸਰ ਵਿਵਾਦ ਵਾਲੇ ਖੇਤਰਾਂ ਤੋਂ ਚੱਲਦਾ ਹੈ। ਰਿਪੋਰਟ ਦੇ ਹਵਾਲੇ ਨਾਲ ਅਖਬਾਰ ਨੇ ਲਿਖਿਆ ਕਿ ਯੂਕਰੇਨ ਨੇ ਇਸ ਡੇਟਾ ਨੂੰ ਆਪਣੀ ਖੁਫੀਆ ਜਾਣਕਾਰੀ ਨਾਲ ਜੋੜ ਕੇ ਤੋਪਖਾਨੇ ਦੇ ਜਾਂ ਹੋਰ ਹਮਲੇ ਕੀਤੇ, ਜਿਸ ਨਾਲ ਕਈ ਰੂਸੀ ਅਫਸਰਾਂ ਦੀ ਮੌਤ ਹੋ ਗਈ। ਅਮਰੀਕੀ ਅਧਿਕਾਰੀਆਂ ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਅਸਲ ਵਿੱਚ ਕਿੰਨੇ ਰੂਸੀ ਜਨਰਲ ਅਮਰੀਕੀ ਮਦਦ ਨਾਲ ਮਾਰੇ ਗਏ ਸਨ। ਉਨ੍ਹਾਂ ਇਹ ਵੀ ਨਹੀਂ ਦੱਸਿਆ ਕਿ ਕੀ ਅਮਰੀਕਾ ਨੇ ਰੂਸੀ ਕਮਾਂਡ ਹੈੱਡਕੁਆਰਟਰ ਉੱਤੇ ਡੇਟਾ ਪ੍ਰਾਪਤ ਕਰਨ ਲਈ ਵਰਤੇ ਗਏ ਢੰਗਾਂ ਦੀ ਵਰਤੋਂ ਇਸ ਲਈ ਕੀਤੀ ਸੀ ਕਿ ਉਹ ਹੋਰ ਖੁਫੀਆ ਸੂਚਨਾ ਰੋਕਸਕਦਾ ਹੈ।ਨਿਊਯਾਰਕ ਟਾਈਮਜ਼ ਦੀ ਰਿਪੋਰਟ ਹੈ ਕਿ ਰੂਸ-ਯੂਕਰੇਨ ਜੰਗ ਦੌਰਾਨ ਅਮਰੀਕੀ ਏਜੰਸੀਆਂ ਨੇ ਰੂਸੀ ਸੈਨਿਕਾਂ ਦੀ ਰਫਤਾਰ ਦਾ ਪਤਾ ਲਾਉਣ ਲਈ ਕਲਾਸੀਫਾਈਡ ਤੇ ਵਪਾਰਕ ਸੈਟੇਲਾਈਟਾਂ ਸਮੇਤ ਕਈ ਸਰੋਤ ਵਰਤੇ।ਜਾਣਕਾਰ ਸੂਤਰਾਂਮੁਤਾਬਕਰੂਸੀ ਜਨਰਲਾਂ ਨੂੰ ਨਿਸ਼ਾਨਾ ਬਣਾਉਣ ਲਈਯੂਕਰੇਨ ਨੂੰ ਅਸਲਸਮੇਂ ਦੀ ਖੁਫੀਆ ਜਾਣਕਾਰੀ ਦੇਣੀ ਅਮਰੀਕੀ ਸਰਕਾਰਦੀ ਕੋਸ਼ਿਸ਼ ਦਾ ਹਿੱਸਾ ਸੀ।

ਦੂਸਰੇ ਪਾਸੇ ਅਮਰੀਕਾ ਦੀ ਸਕਿਊਰਟੀ ਕੌਂਸਲ ਦੀ ਬੁਲਾਰਾ ਐਡਰਿਏਨ ਵਾਟਸਨ ਨੇ ਇਸ ਰਿਪੋਰਟ ਨੂੰ ਰੱਦ ਕਰ ਕੇ ਦਾਅਵਾ ਕੀਤਾ ਕਿ ਰੂਸੀ ਜਨਰਲਾਂ ਨੂੰ ਮਾਰਨ ਲਈਯੂਕਰੇਨ ਦੀ ਫ਼ੌਜ ਨੂੰ ਅਮਰੀਕਾ ਨੇ ਯੁੱਧ ਖੇਤਰ ਦੀ ਜਾਣਕਾਰੀ ਨਹੀਂ ਦਿੱਤੀ, ਪਰਅਮਰੀਕਾ ਦੇ ਫੌਜੀ ਹੈਡਕੁਆਰਟਰ ਪੈਂਟਾਗਨ ਦੇ ਬੁਲਾਰੇ ਜੌਨ ਕਿਰਬੀ ਨੇ ਮੰਨਿਆ ਕਿ ਅਮਰੀਕਾ ਨੇ ਯੂਕਰੇਨ ਨੂੰ ਇਹ ਜਾਣਕਾਰੀ ਤੇ ਖੁਫੀਆ ਜਾਣਕਾਰੀ ਦਿੱਤੀ ਹੈ, ਜਿਸ ਦੀ ਵਰਤੋਂ ਉਹ ਆਪਣੇ ਬਚਾਅ ਲਈ ਕਰ ਸਕਦੇ ਹਨ। ਉਸ ਨੇ ਡੇਟਾ ਦੇ ਕਿਸੇ ਵੀ ਵੇਰਵੇ ਦਾ ਖੁਲਾਸਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

# ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਪਾਰਟੀ ਵਿਧਾਇਕਾਂ ਨੂੰ ਨੈਤਿਕਤਾ ਦਾ ਪਾਠ ਪੜ੍ਹਾਇਆ

ਚੰਡੀਗੜ੍ਹ, 5 ਮਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਬੁੱਧਵਾਰ ਸ਼ਹਿਰੀ ਹਲਕਿਆਂ ਦੇ ਵਿਧਾਇਕਾਂ ਨੂੰ ਨੈਤਿਕਤਾ ਤੇ ਲੋਕਾਂ ਨਾਲ ਪੇਸ਼ ਆਉਣ ਦੇ ਢੰਗ-ਤਰੀਕਿਆਂ ਦਾ ਪਾਠ ਪੜ੍ਹਾਇਆ ਤੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਲਈ ਪ੍ਰੇਰਤ ਕਰਨ ਨੂੰ ਕਿਹਾ। ਮਿਉਂਸਪਲ ਭਵਨ, ਸੈਕਟਰ 35 ਦੇ ਆਡੀਟੋਰੀਅਮ ਵਿੱਚ ਵਿਧਾਇਕਾਂ ਨਾਲ ਮੀਟਿੰਗ ਕਰਕੇ ਜਿੱਥੇ ਉਨ੍ਹਾਂ ਨੇ ਸਰਕਾਰ ਦੇ ਕੰਮ ਦੀ ਫੀਡਬੈਕ ਲਈ, ਉਥੇ ਸਰਕਾਰ ਦੇ ਕੰਮਾਂ ਅਤੇ ਐਲਾਨਾਂ ਦਾ ਵੱਧ ਤੋਂ ਵੱਧ ਪ੍ਰਚਾਰ ਕਰਨ ਲਈ ਵੀ ਕਿਹਾ। ਪਤਾ ਲੱਗਾ ਹੈ ਕਿ ਕਈ ਵਿਧਾਇਕਾਂ ਨੇ ਇਸ ਮੌਕੇ ਭ੍ਰਿਸ਼ਟਾਚਾਰ, ਸਰਹੱਦੀ ਖੇਤਰ ਦੀਆਂ ਸਮੱਸਿਆਵਾਂ ਤੇ ਨਸ਼ਿਆਂ ਦੇ ਮੁੱਦੇ ਵੀ ਚੁੱਕੇ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਧਰਤੀ ਹੇਠਲਾ ਪਾਣੀ ਬਚਾਉਣ ਲਈ ਉਨ੍ਹਾਂ ਆਪਣੇ ਜੱਦੀ ਪਿੰਡ ਸਤੌਜਦੇ ਕਿਸਾਨਾਂ ਤੋਂ ਝੋਨੇ ਦੀ ਸਿੱਧੀ ਬਿਜਾਈ ਦਾ ਵਾਅਦਾ ਲਿਆ ਹੈ, ਇਸੇ ਤਰ੍ਹਾਂ ਵਿਧਾਇਕਆਪੋਆਪਣੇ ਹਲਕੇ ਦੇ ਕਿਸਾਨਾਂ ਨੂੰ ਸਿੱਧੀ ਬਿਜਾਈ ਲਈ ਜਾਗਰੂਕ ਕਰਨ।ਉਨ੍ਹਾ ਨੇ ਵਿਧਾਇਕਾਂ ਨੂੰ ਕਿਹਾ ਕਿ ਸਰਕਾਰ ਵੱਲੋਂਕਿਸਾਨਾਂਲਈਦਿੱਤੀ ਜਾਂਦੀ 1500 ਰੁਪਏ ਏਕੜ ਦੀ ਮਦਦ ਬਾਰੇ ਦੱਸਣ ਤੇ ਪਿਛਲੇ ਸਮੇਂ ਦੌਰਾਨ ਸਰਕਾਰ ਵੱਲੋਂ ਲਏ ਮਹੱਤਵਪੂਰਨ ਫ਼ੈਸਲਿਆਂ ਤੋਂ ਜਾਣੂ ਕਰਾਉਣ। ਉਨ੍ਹਾਂ ਵਿਧਾਇਕਾਂ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਂਦੇ ਹੋਏ ਲੋਕਾਂ ਨਾਲ ਵਿਚਰਨ ਦਾ ਢੰਗ ਵੀ ਦੱਸਿਆ ਤੇ ਕਿਹਾ ਕਿ ਉਹ ਵਿਧਾਇਕ ਬਣੇ ਹਨ ਤਾਂ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਯਤਨ ਕਰਨ।

ਜੂਨ ਵਿੱਚ ਪੇਸ਼ ਕੀਤੇ ਜਾਣ ਵਾਲੇ ਬੱਜਟ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਇਕਾਂ ਨਾਲ ਗੱਲਬਾਤ ਕੀਤੀ ਤੇ ਕਿਹਾ ਕਿ ਇਹ ਆਮ ਲੋਕਾਂ ਦਾ ਬੱਜਟ ਹੈ, ਵਿਧਾਇਕਾਂ ਨੂੰ ਇਸ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਆਪੋ-ਆਪਣੇ ਹਲਕੇ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਦੀ ਯੋਜਨਾ ਦੱਸ ਕੇ ਬੱਜਟ ਵਿੱਚ ਲੋੜੀਂਦੀ ਰਾਸ਼ੀ ਦਾ ਪ੍ਰਬੰਧ ਸੁਝਾਉਣ।ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੇ ਭ੍ਰਿਸ਼ਟਾਚਾਰ ਤੋਂ ਤੰਗ ਆ ਕੇ ਤੁਹਾਡੇ ਉੱਤੇ ਭਰੋਸਾ ਪ੍ਰਗਟ ਕੀਤਾ ਹੈ ਅਤੇ ਵਿਧਾਇਕਾਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਲੋਕਾਂ ਦਾ ਭਰੋਸਾ ਨਾ ਟੁੱਟੇ।ਮੀਟਿੰਗ ਵਿਚ ਸਰਹੱਦੀ ਜ਼ਿਲ੍ਹਿਆਂ ਦੇ ਵਿਧਾਇਕਾਂ ਨੇ ਕਿਹਾ ਕਿ ਆਜ਼ਾਦੀ ਵੇਲੇ ਤੋਂ ਉਨ੍ਹਾਂ ਦੇ ਹਲਕਿਆਂ ਦਾ ਵਿਕਾਸ ਨਹੀਂ ਹੋਇਆ।ਮੁੱਖ ਮੰਤਰੀ ਨੇ ਉਨ੍ਹਾਂ ਨੂੰ ਆਪਣੇ ਹਲਕੇ ਦੀਆਂ ਲੋੜਾਂ ਵਿੱਤ ਮੰਤਰੀ ਨੂੰ ਦੱਸਣ ਲਈ ਆਖਿਆ ਤਾਂ ਜੋ ਬੱਜਟ ਵਿੱਚ ਪੈਸਾ ਰੱਖਿਆ ਜਾ ਸਕੇ।

# ਦਿਨ-ਦਿਹਾੜੇ ਬਜ਼ੁਰਗ ਦੁਕਾਨਦਾਰ ਦਾ ਕਤਲ

ਫਗਵਾੜਾ, 5 ਮਈ (ਪੋਸਟ ਬਿਊਰੋ)- ਇੱਥੋਂ ਦੇ ਰੇਲਵੇ ਰੋਡ ਉੱਤੇ ਇੱਕ ਸਪੇਅਰ ਪਾਰਟਸ ਦੀ ਦੁਕਾਨ ਦੇ ਮਾਲਕ ਦਾ ਦਿਨ-ਦਿਹਾੜੇ ਤੇਜ਼ਧਾਰ ਹਥਿਆਰਾਂ ਨਾਲ ਦੁਕਾਨ ਦੇ ਅੰਦਰ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਕਿਸ਼ਨ ਕੁਮਾਰ ਭੱਲਾ (74) ਮਾਲਕ ਭੱਲਾ ਸਪੇਅਰ ਪਾਰਟਸ ਵਾਸੀ ਪੂਰਬੀਆਂ ਮੁਹੱਲਾ ਫਗਵਾੜਾ ਵਜੋਂ ਹੋਈ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕ ਦਾ ਮੋਬਾਈਲ ਗ਼ਾਇਬ ਹੈ, ਪਰ ਆਲੇ-ਦੁਆਲੇ ਲੱਗੇ ਕੈਮਰਿਆਂ ਨੂੰ ਫੋਲ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'



MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799* upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED



ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636




2565 Steeles Ave E Unit #20, Brampton, ON L6T 4L6



Emergency Contact: 416.910.5676
www.shergilllawfirm.ca

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

## ਕੈਨੇਡਾ ਵਿੱਚ ਵੋਟ ਕਰਨ ਦੀ ਉਮਰ ਘਟਾਉਣ ਲਈ ਐਨਡੀਪੀ ਵੱਲੋਂ ਬਿੱਲ ਪੇਸ਼



ਓਨਟਾਰੀਓ, 5 ਮਈ (ਪੋਸਟ ਬਿਊਰੋ) : ਐਨਡੀਪੀ ਇਸ ਗੱਲ ਨੂੰ ਲੈ ਕੇ ਆਸਵੰਦ ਹੈ ਕਿ ਕੈਨੇਡਾ ਵਿੱਚ ਵੋਟ ਪਾਉਣ ਦੀ ਉਮਰ ਘਟਾ ਕੇ 16 ਸਾਲ ਕਰਨ ਨਾਲ ਹਾਊਸ ਆਫ ਕਾਮਨਜ਼ ਵਿੱਚ ਵਧੇਰੇ ਸਮਰਥਨ ਹਾਸਲ ਹੋ ਸਕਦਾ ਹੈ। ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਇਸ ਤੋਂ ਪਹਿਲਾਂ ਇਸ ਮਾਮਲੇ ਵਿੱਚ ਫੇਲ੍ਹ ਹੋਏ ਬਿੱਲਾਂ ਦੀ ਜਾਣਕਾਰੀ ਉਨ੍ਹਾਂ ਨੂੰ ਹੈ ਪਰ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਪ੍ਰਾਈਵੇਟ ਮੈਂਬਰ ਬਿੱਲ, ਜਿਸ ਨੂੰ ਐਨਡੀਪੀ ਐਮਪੀ ਟੇਲਰ ਬੈਖਰੈਖ ਵੱਲੋਂ ਸਪਾਂਸਰ ਕੀਤਾ ਗਿਆ ਹੈ, ਵਿਲੱਖਣ ਹੈ।ਮੰਗਲਵਾਰ ਨੂੰ ਜਗਮੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਲੱਗਦਾ ਹੈ ਕਿ ਦੁਨੀਆ ਭਰ ਵਿੱਚ ਇਸ ਸਮੇਂ ਇਹ ਅਹਿਸਾਸ ਪੈਦਾ ਹੋ ਚੁੱਕਿਆ ਹੈ ਕਿ ਜਮਹੂਰੀਅਤ ਖਤਰੇ ਵਿੱਚ ਹੈ। ਉਨ੍ਹਾਂ ਆਖਿਆ ਕਿ ਫਾਸ਼ੀਵਾਦ ਦੇ ਕੁੱਝ ਮਾਮਲਿਆਂ ਵਿੱਚ ਵੀ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਆਖਿਆ ਕਿ ਇਸੇ ਤਰਜ਼ ਉੱਤੇ ਇਹ ਸਵਾਲ ਖੜ੍ਹਾ ਹੋ ਗਿਆ ਹੈ ਕਿ ਜਮਹੂਰੀਅਤ ਦਾ ਸਮਰਥਨ ਕਿਸ ਤਰ੍ਹਾਂ ਕੀਤਾ ਜਾਵੇ ਤਾਂ ਕਿ ਸਾਡਾ ਜਮਹੂਰੀ ਢਾਂਚਾ ਸਹੀ ਢੰਗ ਨਾਲ ਕੰਮ ਕਰ ਸਕੇ। ਐਨਡੀਪੀ ਆਗੂ ਨੇ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਹਮਲੇ ਦੀ ਮਿਸਾਲ ਵੀ ਦਿੱਤੀ। ਬੈਖਰੈਖ ਨੇ ਪਹਿਲਾਂ ਦਸੰਬਰ 2021 ਵਿੱਚ ਇਸ ਸਬੰਧ ਵਿੱਚ ਬਿੱਲ ਸੀ-210 ਲਿਆਂਦਾ ਸੀ। 2005 ਵਿੱਚ ਲਿਬਰਲ ਐਮਪੀ ਮਾਰਕ ਹਾਲੈਂਡ ਵੱਲੋਂ ਵੀ ਅਜਿਹੀ ਪਾਲਿਸੀ ਲਿਆਉਣ ਲਈ ਬਿੱਲ ਪੇਸ਼ ਕੀਤਾ ਗਿਆ ਸੀ। ਬੈਖਰੈਖ ਦੇ ਇਸ ਬਿੱਲ ਉੱਤੇ ਬੁੱਧਵਾਰ ਨੂੰ ਹਾਊਸ ਆਫ ਕਾਮਨਜ਼ ਵਿੱਚ ਬਹਿਸ ਹੋਵੇਗੀ।

## ਸੂਟਿੰਗ ਵਿੱਚ ਇੱਕ ਜ਼ਖ਼ਮੀ

ਟੋਰਾਂਟੋ, 5 ਮਈ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਟੋਰਾਂਟੋ ਕੌਰਕਟਾਊਨ ਵਿੱਚ ਸ਼ੀਸ਼ਾ ਲਾਊਂਜ ਵਿੱਚ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।ਇਸ ਘਟਨਾ ਦੀ ਜਾਣਕਾਰੀ ਦੇਣ ਲਈ ਮੰਗਲਵਾਰ ਨੂੰ ਸਵੇਰੇ 2:10 ਉੱਤੇ ਪਾਰਲੀਆਮੈਂਟ ਸਟਰੀਟ ਤੋਂ ਪੂਰਬ ਵੱਲ ਸਥਿਤ 372 ਕੁਈਨ ਸਟਰੀਟ ਈਸਟ ਉੱਤੇ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ।ਜ਼ਖ਼ਮੀ ਵਿਅਕਤੀ ਸੇਂਟ ਮਾਈਕਲ ਹਸਪਤਾਲ ਵਿੱਚ ਆਪਣੇ ਆਪ ਹੀ ਇਲਾਜ ਲਈ ਪਹੁੰਚ ਗਿਆ।ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਫੋਰੈਂਸਿਕ ਆਇਡੈਂਟੀਫਿਕੇਸ਼ਨ ਆਫੀਸਰਜ਼ ਨੂੰ ਵੀ ਘਟਨਾ ਤੋਂ ਬਾਅਦ ਕੁਈਨ ਸਟਰੀਟ ਉੱਤੇ ਵੇਖਿਆ ਗਿਆ। ਇਸ ਘਟਨਾ ਦੇ ਸਬੰਧ ਵਿੱਚ ਕਿਸੇ ਮਸ਼ਕੂਕ ਸਬੰਧੀ ਜਾਣਕਾਰੀ ਵੀ ਹਾਸਲ ਨਹੀਂ ਹੋਈ ਹੈ।

# ਸਟੇਲੈਂਟਿਸ ਪਲਾਂਟ ਵਿਚ ਫੈਡਰਲ ਤੇ ਓਨਟਾਰੀਓ ਸਰਕਾਰ ਨਿਵੇਸ਼ ਕਰੇਗੀ 1 ਬਿਲੀਅਨ ਡਾਲਰ

ਓਟਵਾ, 5 ਮਈ (ਪੋਸਟ ਬਿਊਰੋ) :ਕੈਨੇਡਾ ਤੇ ਓਨਟਾਰੀਓ ਵੱਲੋਂ ਇਲੈਕਟ੍ਰਿਕ ਵ੍ਹੀਕਲ ਬਣਾਉਣ ਲਈ ਕੈਨੇਡੀਅਨ ਆਟੋ ਪਲਾਂਟਸ ਵਿੱਚ ਨਵਾਂ ਸਾਜ਼ੋ ਸਮਾਨ ਲਾਉਣ ਵਾਸਤੇ ਸਟੇਲੈਂਟਿਸ ਦੀ ਮਦਦ ਲਈ ਸਾਂਝੇ ਤੌਰ ਉੱਤੇ ਇੱਕ ਬਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾ ਰਿਹਾ ਹੈ।

ਇੱਕ ਸਾਲ ਪਹਿਲਾਂ ਫਿਏਟ ਕ੍ਰਾਈਸਲਰ ਤੇ ਫਰਾਂਸ ਦੇ ਗਰੁੱਪ ਪੀਐਸਏ ਦੇ ਰਲੇਵੇਂ ਤੋਂ ਬਾਅਦ ਕਾਇਮ ਕੀਤੀ ਗਈ ਨਵੀਂ ਕੰਪਨੀ ਸਟੇਲੈਂਟਿਸ ਵੱਲੋਂ ਵੀ ਆਪਣੇ ਇਲੈਕਟ੍ਰੀਫਿਕੇਸ਼ਨ ਪ੍ਰੋਜੈਕਟਾਂ ਲਈ 2•6 ਬਿਲੀਅਨ ਡਾਲਰ ਦੀ ਰਕਮ ਹੋਰ ਨਿਵੇਸ਼ ਕੀਤੀ ਜਾਵੇਗੀ।ਵਿੰਡਸਰ ਤੇ ਬਰੈਂਪਟਨ ਸਥਿਤ ਸਟੇਲੈਂਟਿਸ ਦੇ ਪਲਾਂਟਸ ਵਿੱਚ ਬੈਟਰੀ ਇਲੈਕਟ੍ਰਿਕ ਤੇ ਹਾਈਬ੍ਰਿਡ ਵ੍ਹੀਕਲ ਤਿਆਰ ਕਰਨ ਲਈ ਫਲੈਕਸੀਬਲ ਅਸੈਂਬਲੀ ਲਾਈਨਾਂ ਤਿਆਰ ਕਰਨਾ ਵੀ ਇਸ ਪ੍ਰੋਜੈਕਟ ਦਾ ਹਿੱਸਾ ਹੈ। ਸਟੇਲੈਂਟਿਸ ਵੱਲੋਂ ਵਿੰਡਸਰ ਵਿੱਚ ਰਿਸਰਚ ਫੈਸਿਲਿਟੀ ਦਾ ਪਸਾਰ ਵੀ ਕੀਤਾ ਜਾ ਰਿਹਾ ਹੈ ਤਾਂ ਕਿ ਬੈਟਰੀ ਪੈਕ ਟੈਸਟਿੰਗ ਹੱਬ ਤੇ ਇਲੈਕਟ੍ਰਿਕ ਵ੍ਹੀਕਲ ਰਿਸਰਚ ਸੈਂਟਰ ਬਣਾਇਆ ਜਾ ਸਕੇ।



ਇਨੋਵੇਸ਼ਨ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਨੇ ਆਖਿਆ ਕਿ ਆਟੋ ਸੈਕਟਰ ਵਿੱਚ ਵੱਡੀ ਤਬਦੀਲੀ ਲਿਆਂਦੀ ਜਾ ਰਹੀ ਹੈ ਤੇ ਕੈਨੇਡਾ ਦੀ ਇੰਡਸਟਰੀ ਵੱਲੋਂ ਇਸ ਵੱਡੇ ਬਦਲਾਅ ਵਿੱਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਸ਼ੈਂਪੇਨ ਨੇ ਆਖਿਆ ਕਿ ਮੇਡ ਇਨ ਕੈਨੇਡਾ ਇਲੈਕਟ੍ਰਿਕ ਵਾਹਨਾਂ ਲਈ ਇਹ ਵੱਡਾ ਮੀਲ ਪੱਥਰ ਹੈ। ਕੈਨੇਡਾ ਇਸ ਲਈ 529 ਮਿਲੀਅਨ ਡਾਲਰ ਤੇ ਓਨਟਾਰੀਓ 513 ਮਿਲੀਅਨ ਡਾਲਰ ਦਾ ਨਿਵੇਸ਼ ਕਰੇਗਾ।

## ਟਰੂਡੋ ਨੇ ਕੀਤੀ ਰੂਸ ਦੇ ਵਿਦੇਸ਼ ਮੰਤਰੀ ਦੀਆਂ ਟਿੱਪਣੀਆਂ ਦੀ ਨਿਖੇਧੀ

ਓਟਵਾ, 5 ਮਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲੈਵਰੋਵ ਵੱਲੋਂ ਪਿੱਛੇ ਜਿਹੇ ਕੀਤੀਆਂ ਟਿੱਪਣੀਆਂ ਦੀ ਨਿਖੇਧੀ ਕੀਤੀ ਗਈ ਹੈ। ਲੈਵਰੋਵ ਨੇ ਆਖਿਆ ਸੀ ਕਿ ਦੇਸ਼ ਦਾ ਟੀਚਾ ਯੂਕਰੇਨ ਨੂੰ ਨਾਜ਼ੀ ਪ੍ਰਭਾਵ ਤੋਂ ਮੁਕਤ ਕਰਵਾਉਣਾ ਹੈ ਤੇ ਉਨ੍ਹਾਂ ਇਹ ਦਾਅਵਾ ਵੀ ਕੀਤਾ ਸੀ ਕਿ ਹਿਟਲਰ ਖੁਦ ਯਹੂਦੀ ਸੀ।

ਇੱਕ ਇੰਟਰਵਿਊ ਵਿੱਚ ਲੈਵਰੋਵ ਤੋਂ ਇਹ ਪੁੱਛਿਆ ਗਿਆ ਸੀ ਕਿ ਰੂਸ ਇਹ ਦਾਅਵਾ ਕਿਵੇਂ ਕਰ ਸਕਦਾ ਹੈ ਕਿ ਉਹ ਯੂਕਰੇਨ ਨੂੰ ਨਾਜ਼ੀ ਪ੍ਰਭਾਵ ਤੋਂ ਮੁਕਤ ਕਰਵਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਜਦੋਂ ਕਿ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਆਪ ਯਹੂਦੀ ਹਨ। ਇਸ ਲਈ ਜਦੋਂ ਉਹ ਆਖਦੇ ਹਨ ਕਿ ਜੇ ਅਸੀਂ ਯਹੂਦੀ ਹਾਂ ਤਾਂ ਨਾਜ਼ੀਵਾਦ ਦੀ ਕੀ ਹੋਂਦ ਰਹਿ ਜਾਂਦੀ ਹੈ, ਇਸ ਉੱਤੇ ਲੈਵਰੋਵ ਨੇ ਆਖਿਆ ਕਿ ਉਨ੍ਹਾਂ ਦੇ ਵਿਚਾਰ ਮੁਤਾਬਕ ਹਿਟਲਰ ਆਪ ਵੀ ਯਹੂਦੀ ਪਿਛੋਕੜ ਨਾਲ ਜੁੜਿਆ ਹੋਇਆ ਸੀ ਤੇ ਇਸੇ ਕਰਕੇ ਇਸ ਤਰ੍ਹਾਂ ਦੀਆਂ ਤੁਕਾਂ ਦਾ ਕੋਈ ਮਤਲਬ ਨਹੀਂ ਬਣਦਾ। ਜ਼ਿਕਰਯੋਗ ਹੈ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੱਲੋਂ ਯੂਕਰੇਨ ਉੱਤੇ ਚੜ੍ਹਾਈ ਨੂੰ ਨਾਜ਼ੀ ਖਿਲਾਫ ਕਾਰਵਾਈ ਵਜੋਂ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਪੁਤਿਨ ਦੂਜੀ ਵਿਸ਼ਵ ਜੰਗ ਵਿੱਚ ਜਰਮਨੀ ਨੂੰ ਹਰਾਉਣ ਲਈ ਰੂਸ ਦੇ ਇਤਿਹਾਸ ਨੂੰ ਯੂਕਰੇਨ ਖਿਲਾਫ ਵਰਤਦਿਆਂ ਹੋਇਆਂ ਘਰੇਲੂ ਪੱਧਰ ਉੱਤੇ ਸਮਰਥਨ ਜੁਟਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਲੈਵਰੋਵ ਦੀਆਂ ਅਜਿਹੀਆਂ ਟਿੱਪਣੀਆਂ ਦੀ ਨਿਖੇਧੀ ਕਰਦਿਆਂ ਹੋਇਆਂ ਟਰੂਡੋ ਨੇ ਓਨਟਾਰੀਓ ਵਿੱਚ ਇੱਕ ਪ੍ਰੈੱਸ ਕਾਨਫਰੰਸ ਵਿੱਚ ਆਖਿਆ ਕਿ ਇਹ ਸੱਭ ਗੱਲਾਂ ਊਟਪਟਾਂਗ ਹਨ ਤੇ ਇਸ ਤਰ੍ਹਾਂ ਦੀ ਸੋਚ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਟਰੂਡੋ ਨੇ ਆਖਿਆ ਕਿ ਕੈਨੇਡਾ ਸਮੇਤ ਸਹੀ ਸੋਚ ਰੱਖਣ ਵਾਲੇ ਦੇਸ਼ਾਂ , ਜਿਨ੍ਹਾਂ ਲੋਕਾਂ ਨੇ ਹੋਲੋਕਾਸਟ ਦੇ ਦਰਦ ਨੂੰ ਹੰਢਾਇਆ, ਹੇਟ ਕ੍ਰਾਈਮ ਵਿੱਚ ਹੋ ਰਹੇ ਵਾਧੇ-ਫਿਰ ਭਾਵੇਂ ਉਹ ਯਹੂਦੀਆਂ ਖਿਲਾਫ, ਮੁਸਲਮਾਨਾਂ ਖਿਲਾਫ ਜਾਂ ਬਲੈਕ ਖਿਲਾਫ ਕਿਉਂ ਨਾ ਹੋਵੇ, ਨੂੰ ਇਨ੍ਹਾਂ ਗੱਲਾਂ ਦੀ ਸਖ਼ਤ ਨਿਖੇਧੀ ਕਰਨੀ ਚਾਹੀਦੀ ਹੈ।

## 15,000 ਰੈਜ਼ੀਡੈਂਸ਼ੀਅਲ ਕੰਸਟ੍ਰਕਸ਼ਨ ਵਰਕਰ ਗਏ ਹੜਤਾਲ ਉੱਤੇ



ਟੋਰਾਂਟੋ, 5 ਮਈ (ਪੋਸਟ ਬਿਊਰੋ) : ਗ੍ਰੇਟਰ ਟੋਰਾਂਟੋ ਏਰੀਆ ਵਿੱਚ 15,000 ਕੰਸਟ੍ਰਕਸ਼ਨ ਵਰਕਰਜ਼ ਦੇ ਹੜਤਾਲ ਉੱਤੇ ਜਾਣ ਨਾਲ ਕਈ ਰੈਜ਼ੀਡੈਂਸ਼ੀਅਲ ਪ੍ਰੋਜੈਕਟਸ ਅਧਵਾਟੇ ਲਮਕ ਗਏ ਹਨ।

ਲਿਊਨਾ ਲੋਕਲ 183 ਨਾਲ ਜੁੜੀਆਂ ਕਈ ਇਕਾਈਆਂ ਵੱਲੋਂ ਕਾਂਟਰੈਕਟ ਪ੍ਰਪੋਜ਼ਲ ਰੱਦ ਕਰ ਦਿੱਤੇ ਗਏ ਹਨ ਤੇ ਅੱਜ ਤੋਂ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ।ਯੂਨੀਅਨ ਦਾ ਕਹਿਣਾ ਹੈ ਕਿ ਇਸ ਹੜਤਾਲ ਵਿੱਚ ਸ਼ਾਮਲ ਲੋਕਾਂ ਵਿੱਚ ਫਰੇਮਰਜ਼, ਟਾਈਲ ਲਾਉਣ ਵਾਲੇ, ਕਾਰਪੇਟ ਤੇ ਹਾਰਡਵੁੱਡ ਲਾਉਣ ਵਾਲੇ ਤੇ ਹੋਰ ਵਰਕਰ ਸ਼ਾਮਲ ਹਨ।

ਇਸ ਵੇਲੇ ਜੀਟੀਏ ਭਰ ਦੀਆਂ ਕਈ ਸਾਈਟਸ ਠੱਪ ਹੋ ਗਈਆਂ ਹਨ। ਲੋਅ ਰਾਈਜ਼ ਸਾਈਟਸ ਉੱਤੇ ਵੀ ਇਸ ਹੜਤਾਲ ਦਾ ਅਸਰ ਹੋਵੇਗਾ। ਲਿਊਨਾ ਲੋਕਲ 183 ਦੇ ਬੁਲਾਰੇ ਜੇਸਨ ਓਟੇ ਨੇ ਆਖਿਆ ਕਿ ਸਾਡੇ ਮੈਂਬਰ ਕੰਮ ਉੱਤੇ ਪਹਤਣਾ ਚਾਹੁੰਦੇ ਹਨ ਪਰ ਇਸ ਲਈ ਉਨ੍ਹਾਂ ਨੂੰ ਮੈਨੇਜਮੈਂਟ ਕੋਲੋਂ ਬਿਹਤਰ ਡੀਲ ਦੀ ਆਸ ਹੈ। ਪਰ ਜਿਹੜੀ ਪੇਸ਼ਕਸ਼ ਮੈਨੇਜਮੈਂਟ ਵੱਲੋਂ ਕੀਤੀ ਜਾ ਰਹੀ ਹੈ ਉਹ ਉਮੀਦ ਨਾਲੋਂ ਕਿਤੇ ਘੱਟ ਹੈ।

## ਟੋਰਾਂਟੋ ਪੀਅਰਸਨ ਉੱਤੇ ਟਰੈਵਲਰਜ਼ ਨੂੰ ਕਰਨਾ ਪੈ ਰਿਹਾ ਹੈ ਲੰਮਾਂ ਇੰਤਜ਼ਾਰ

ਟੋਰਾਂਟੋ, 5 ਮਈ (ਪੋਸਟ ਬਿਊਰੋ) : ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਤੋਂ ਬਾਹਰ ਜਾਣ ਵਾਲੇ ਟਰੈਵਲਰਜ਼ ਨੂੰ ਸਕਿਊਰਿਟੀ ਤੋਂ ਲੰਘਣ ਸਮੇਂ ਦੇਰ ਹੋਣ ਦੀ ਚੇਤਾਵਨੀ ਦਿੱਤੀ ਜਾ ਰਹੀ ਹੈ। ਟਰੈਵਲਰਜ਼ ਨੂੰ ਆਪਣੀਆਂ ਫਲਾਈਟਸ ਤੱਕ ਪਹੁੰਚਣ ਲਈ ਲਾਈਨਾਂ ਵਿੱਚ ਲੱਗ ਕੇ ਲੰਮਾਂ ਇੰਤਜ਼ਾਰ ਕਰਨਾ ਪੈ ਰਿਹਾ ਹੈ।

ਏਅਰਪੋਰਟ ਦੇ ਬੁਲਾਰੇ ਟੋਰੀ ਗੈੱਸ ਨੇ ਸੋਮਵਾਰ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਆਖਿਆ ਕਿ ਸਕਿਊਰਿਟੀ ਚੈੱਕਪੁਆਇੰਟਸ ਉੱਤੇ ਟੋਰਾਂਟੋ ਪੀਅਰਸਨ ਉੱਤੇ ਯਾਤਰੀਆਂ ਨੂੰ ਉਮੀਦ ਨਾਲੋਂ ਕਿਤੇ ਜਿਆਦਾ ਸਮਾਂ ਲੱਗ ਰਿਹਾ ਹੈ। ਉਨ੍ਹਾਂ ਆਖਿਆ ਕਿ ਅਸੀਂ ਪੈਸੈਂਜਰਜ਼ ਨੂੰ ਅਪੀਲ ਕਰਦੇ ਹਾਂ ਕਿ ਉਹ ਸਬਰ ਤੋਂ ਕੰਮ ਲੈਣ ਤੇ ਏਅਰਪੋਰਟ ਜਲਦੀ ਪਹੁੰਚਣ। ਇਸ ਦੇਰੀ ਦਾ ਕਾਰਨ ਪੁੱਛੇ ਜਾਣ ਉੱਤੇ ਕੈਨੇਡੀਅਨ ਏਅਰ ਟਰਾਂਸਪੋਰਟ ਸਕਿਊਰਿਟੀ ਅਥਾਰਟੀ ( ਸੀਏਟੀਐਸਏ) ਨੇ ਦੱਸਿਆ ਕਿ ਉਨ੍ਹਾਂ ਨੂੰ ਸਟਾਫ ਦੀ ਘਾਟ ਨਾਲ ਜੂਝਣਾ ਪੈ ਰਿਹਾ ਹੈ। ਏਜੰਸੀ ਨੇ ਆਖਿਆ ਕਿ ਉਹ ਭਵਿੱਖ ਵਿੱਚ ਇਸ ਤਰ੍ਹਾਂ ਦੀ ਦਿੱਕਤ ਤੋਂ ਬਚਣ ਲਈ ਵੱਧ ਸਟਾਫ ਭਰਤੀ ਕਰਨ ਤੇ ਏਅਰਲਾਈਨ ਪਾਰਟਨਰਜ਼ ਨਾਲ ਜਾਣਕਾਰੀ ਸਾਂਝੀ ਕਰਨੀ ਜਾਰੀ ਰੱਖਣਗੇ।



ਏਜੰਸੀ ਨੇ ਇਹ ਵੀ ਆਖਿਆ ਕਿ ਮਹਾਂਮਾਰੀ ਤੋਂ ਪਹਿਲਾਂ ਸਰਹੱਦੋਂ ਪਾਰਲੇ, ਘਰੇਲੂ ਤੇ ਕੌਮਾਂਤਰੀ ਚੈੱਕਪੁਆਇੰਟਸ ਦਰਮਿਆਨ ਸਰੋਤਾਂ ਦੀ ਵਰਤੋਂ ਬਿਹਤਰ ਢੰਗ ਨਾਲ ਹੁੰਦੀ ਸੀ।ਪਰ ਏਅਰ ਟਰੈਵਲ ਮੁੜ ਸ਼ੁਰੂ ਹੋਣ ਨਾਲ ਟਰੈਵਲਰਜ਼ ਦੀ ਆਵਾਜਾਈ ਲਗਾਤਾਰ ਵੱਧਦੀ ਜਾ ਰਹੀ ਹੈ, ਜਿਸ ਕਾਰਨ ਇੱਕ ਸਮੇਂ ਉੱਤੇ ਇੱਕ ਸਕਿਊਰਿਟੀ ਪੁਆਇੰਟ ਉੱਤੇ ਪੈਸੈਂਜਰਜ਼ ਦੀ ਭੀੜ ਪੈ ਰਹੀ ਹੈ। ਏਜੰਸੀ ਨੇ ਆਖਿਆ ਕਿ ਇਸ ਸਮੇਂ ਪੈਸੈਂਜਰਜ਼ ਨੇ ਵੀ ਕਈ ਕੈਰੀ ਬੈਗਜ਼ ਨਾਲ ਸਫਰ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਸ ਕਾਰਨ ਸਕਿਊਰਿਟੀ ਚੈੱਕ ਪੁਆਇੰਟਸ ਉੱਤੇ ਟਰੈਵਲਰਜ਼ ਨੂੰ ਪ੍ਰੋਸੈਸਿੰਗ ਵਿੱਚ ਲੰਮਾਂ ਸਮਾਂ ਲੱਗਦਾ ਹੈ।

# ਮੈਂਡੀਸਿਨੋ ਨੇ ਐਮਰਜੰਸੀਜ਼ ਐਕਟ ਕਮਿਸ਼ਨਰ ਨਾਲ ਕੰਮ ਕਰਨਾ ਦਾ ਪ੍ਰਗਟਾਇਆ ਤਹੱਈਆ

ਓਟਵਾ, 5 ਮਈ (ਪੋਸਟ ਬਿਊਰੋ) : ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਦਾ ਕਹਿਣਾ ਹੈ ਕਿ ਫਰੀਡਮ ਕੌਨਵੌਏ ਦੇ ਮੁਜ਼ਾਹਰੇ ਨੂੰ ਖ਼ਤਮ ਕਰਨ ਲਈ ਲਿਆਂਦੇ ਗਏ ਐਮਰਜੰਸੀ ਐਕਟ ਦੀ ਵਰਤੋਂ ਕਰਨ ਦੇ ਮਾਮਲੇ ਦੀ ਚੱਲ ਰਹੀ ਜਾਂਚ ਵਿੱਚ ਸਰਕਾਰ ਪੂਰਾ ਸਹਿਯੋਗ ਕਰਨ ਤੇ ਪਾਰਦਰਸ਼ਤਾ ਤੋਂ ਕੰਮ ਲੈਣ ਲਈ ਵਚਨਬੱਧ ਹੈ।ਪਰ ਉਨ੍ਹਾਂ ਇਸ ਫੈਸਲੇ ਨਾਲ ਸਬੰਧਤ ਗੁਪਤ ਕੈਬਨਿਟ ਦਸਤਾਵੇਜ਼ਾਂ ਨੂੰ ਸਾਂਝਾ ਕਰਨ ਲਈ ਕੋਈ ਹਾਮੀ ਨਹੀਂ ਭਰੀ।



ਇੱਕ ਇੰਟਰਵਿਊ ਵਿੱਚ ਮੈਂਡੀਸਿਨੋ ਨੇ ਆਖਿਆ ਕਿ ਇਸ ਮਾਮਲੇ ਵਿੱਚ ਓਟਵਾ ਵੱਲੋਂ ਜੱਜ ਪਾਲ ਰੂਲੋ, ਜੋ ਕਿ ਮਾਮਲੇ ਦੀ ਜਾਂਚ ਕਰ ਰਹੇ ਹਨ, ਨੂੰ ਪੂਰੀਆਂ ਸ਼ਕਤੀਆਂ ਦਿੱਤੀਆਂ ਗਈਆਂ ਹਨ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਇਸ ਐਕਟ ਦੀ ਵਰਤੋਂ ਕਰਨਾ ਵਾਜਿਬ ਸੀ ਜਾਂ ਨਹੀਂ।ਮੈਂਡੀਸਿਨੋ ਨੇ ਆਖਿਆ ਕਿ ਸਾਡਾ ਕੰਮ ਇਸ ਮਾਮਲੇ ਵਿੱਚ ਪੂਰਾ ਸਹਿਯੋਗ ਕਰਨਾ ਹੈ ਤੇ ਅਸੀਂ ਕਰ ਰਹੇ ਹਾਂ।

ਸੋਮਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਜ਼ਾਦਾਨਾ ਪਬਲਿਕ ਆਰਡਰ ਐਮਰਜੰਸੀ ਕਮਿਸ਼ਨ ਕਾਇਮ ਕਰਨ ਦਾ ਐਲਾਨ ਕੀਤਾ ਸੀ ਤੇ ਇਸ ਤਹਿਤ ਜਾਂਚ ਚੱਲ ਰਹੀ ਹੈ।ਲੰਮੇਂ ਸਮੇਂ ਤੋਂ ਜੱਜ ਰਹੇ ਰੂਲੋ ਵੱਲੋਂ ਇਸ ਮਾਮਲੇ ਵਿੱਚ ਆਪਣੀ ਰਿਪੋਰਟ 20 ਫਰਵਰੀ, 2023 ਤੱਕ ਪੇਸ਼ ਕੀਤੀ ਜਾਵੇਗੀ। ਉਨ੍ਹਾਂ ਵੱਲੋਂ ਇਹ ਜਾਂਚ ਕੀਤੀ ਜਾ ਰਹੀ ਹੈ ਕਿ ਫਰੀਡਮ ਕੌਨਵੌਏ ਦੇ ਮੁਜ਼ਾਹਰੇ ਸਮੇਂ ਸਰਕਾਰ ਵੱਲੋਂ ਲਾਏ ਗਏ ਐਮਰਜੰਸੀ ਐਕਟ ਦੀ ਸਾਰਥਕਤਾ ਕੀ ਸੀ ਤੇ ਕੀ ਇਹ ਲਾਇਆ ਜਾਣਾ ਜ਼ਰੂਰੀ ਸੀ?

## ਇਟੋਬੀਕੋ ਵਿੱਚ ਚੱਲੀ ਗੋਲੀ, ਇੱਕ ਹਲਾਕ ਇੱਕ ਜ਼ਖ਼ਮੀ

ਇਟੋਬੀਕੋ, 5 ਮਈ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਨੌਰਥ ਇਟੋਬੀਕੋ ਵਿੱਚ ਵਾਪਰੀ ਸੂਟਿੰਗ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਇੱਕ ਹੋਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।



ਗੋਲੀਆਂ ਚੱਲਣ ਦੀ ਖਬਰ ਮਿਲਣ ਤੋਂ ਬਾਅਦ ਟੋਰਾਂਟੋ ਪੁਲਿਸ ਨੂੰ ਸ਼ਾਮੀਂ 6:00 ਵਜੇ ਤੋਂ ਪਹਿਲਾਂ ਮਾਊਂਟ ਓਲੀਵੀਆ ਡਰਾਈਵ ਤੇ ਕਿਪਲਿੰਗ ਐਵਨਿਊ ਇਲਾਕੇ ਵਿੱਚ ਸਥਿਤ ਕਾਂਪਲੈਕਸ ਵਿੱਚ ਸੱਦਿਆ ਗਿਆ। ਇੰਸਪੈਕਟਰ ਸਕੌਟ ਪਰਚਿਜ਼ ਨੇ ਆਖਿਆ ਕਿ ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਜ਼ਖ਼ਮੀ ਵਿਅਕਤੀ ਨੂੰ ਲੋਕਲ ਟਰੌਮਾ ਸੈਂਟਰ ਲਿਜਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਆਪਣੇ ਹੱਥ ਵਿੱਚ ਲੈ ਲਈ ਗਈ ਹੈ। ਪਰਚਿਜ਼ ਨੇ ਦੱਸਿਆ ਕਿ ਇਸ ਸਮੇਂ ਉਨ੍ਹਾਂ ਕੋਲ ਬਹੁਤ ਹੀ ਘੱਟ ਵੇਰਵੇ ਹਨ। ਜਾਂਚਕਾਰ ਘਟਨਾ ਵਾਲੀ ਥਾਂ ਦਾ ਮੁਆਇਨਾ ਕਰ ਰਹੇ ਹਨ ਤੇ ਹੋਮੀਸਾਈਡ ਯੂਨਿਟ ਵੀ ਵੱਧ ਤੋਂ ਵੱਧ ਸਬੂਤ ਇੱਕਠੇ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਇੱਕ ਹੋਰ ਵਿਅਕਤੀ, ਜੋ ਕਿ ਗੋਲੀ ਲੱਗਣ ਕਾਰਨ ਜ਼ਖ਼ਮੀ ਸੀ, ਉਨ੍ਹਾਂ ਨੂੰ ਨੇੜਲੇ ਕਮਿਊਨਿਟੀ ਸੈਂਟਰ ਵਿੱਚ ਮਿਲਿਆ। ਟੋਰਾਂਟੋ ਪੈਰਾਮੈਡਿਕਸ ਨੇ ਦੱਸਿਆ ਕਿ ਉਸ ਨੂੰ ਗੰਭੀਰ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਪੁਲਿਸ ਚਸ਼ਮਦੀਦਾਂ ਨੂੰ ਸਾਹਮਣੇ ਆਉਣ ਤੇ ਮਾਮਲੇ ਦੀ ਜਾਣਕਾਰੀ ਰੱਖਣ ਵਾਲਿਆਂ ਨੂੰ ਉਨ੍ਹਾਂ ਨੂੰ ਸੰਪਰਕ ਕਰਨ ਲਈ ਆਖ ਰਹੀ ਹੈ।

## ਵਰਕਰਾਂ ਨੇ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਆਪਣੇ ਮੁੱਦਿਆਂ ਨੂੰ ਪਹਿਲ ਦੇਣ ਦੀ ਕੀਤੀ ਮੰਗ

ਓਨਟਾਰੀਓ, 5 ਮਈ (ਪੋਸਟ ਬਿਊਰੋ) : ਕੁਈਨਜ਼ ਪਾਰਕ ਵਿੱਚ ਸੈਂਕੜੇ ਦੀ ਗਿਣਤੀ ਵਿੱਚ ਵਰਕਰਾਂ ਤੇ ਕਮਿਊਨਿਟੀ ਮੈਂਬਰਾਂ ਨੇ ਇੱਕਠੇ ਹੋ ਕੇ ਇਹ ਮੰਗ ਰੱਖੀ ਕਿ 2 ਜੂਨ ਨੂੰ ਹੋਣ ਜਾ ਰਹੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਉਨ੍ਹਾਂ ਦੇ ਮੁੱਦਿਆਂ ਨੂੰ ਪਹਿਲ ਦਿੱਤੀ ਜਾਵੇ।




ਓਨਟਾਰੀਓ ਫੈਡਰੇਸ਼ਨ ਆਫ ਲੇਬਰ ਦੇ ਪ੍ਰੈਜ਼ੀਡੈਂਟ ਪੈਟੀ ਕੋਟਸ, ਜਿਨ੍ਹਾਂ ਨੇ ਇਹ ਰੈਲੀ ਆਯੋਜਿਤ ਕਰਨ ਵਿੱਚ ਮਦਦ ਕੀਤੀ, ਨੇ ਆਖਿਆ ਕਿ ਪ੍ਰੋਵਿੰਸ਼ੀਅਲ ਚੋਣਾਂ ਦੇ ਮਾਹੌਲ ਵਿੱਚ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਵਰਕਰਜ਼ ਦੇ ਮੁੱਦਿਆਂ ਨੂੰ ਵੀ ਵਿਚਾਰ ਅਧੀਨ ਰੱਖਿਆ ਜਾਵੇ।

ਉਨ੍ਹਾਂ ਆਖਿਆ ਕਿ ਇਸ ਤੋਂ ਭਾਵ ਹੈ ਘੱਟ ਤੋਂ ਘੱਟ ਉਜਰਤਾਂ 20 ਡਾਲਰ ਪ੍ਰਤੀ ਘੰਟਾ ਕਰਨ, ਉਚਿਤ ਕੰਮ, ਕਿਫਾਇਤੀ ਹਾਊਸਿੰਗ, ਸਥਾਈ ਪੇਡ ਸਿੱਕ ਡੇਅਜ਼, ਚੰਗੀ ਤਰ੍ਹਾਂ ਫੰਡ ਪ੍ਰਾਪਤ ਪਬਲਿਕ ਸਰਵਿਸਿਜ਼, ਸਾਰਿਆਂ ਦੀ ਮਦਦ ਲਈ ਰਹਿਣਯੋਗ ਆਮਦਨ, ਕਲਾਈਮੇਟ ਜਸਟਿਸ, ਸਟੇਟਸ ਫਰ ਆਲ ਤੇ ਨਸਲਵਾਦ ਤੇ ਜ਼ੁਲਮ ਦਾ ਖਾਤਮਾ ਯਕੀਨੀ ਬਣਾਇਆ ਜਾਵੇ।

ਇਨ੍ਹਾਂ ਰੈਲੀਆਂ ਵਿੱਚ ਹਿੱਸਾ ਲੈਣ ਵਾਲਿਆਂ ਵਿੱਚ ਹੈਲਥ ਕੇਅਰ ਵਰਕਰਜ਼, ਚਾਈਲਡ ਕੇਅਰ ਦੀ ਪੈਰਵੀ ਕਰਨ ਵਾਲੇ, ਕਲਾਈਮੇਟ ਜਸਟਿਸ ਐਕਟੀਵਿਸਟਸ, ਜ਼ਖ਼ਮੀ ਤੇ ਬਿਮਾਰ ਵਰਕਰਜ਼, ਵਿਦਿਆਰਥੀ, ਗਿੱਗ ਵਰਕਰਜ਼ ਤੇ ਮਾਈਗ੍ਰੈਂਟ ਵਰਕਰਜ਼ ਸ਼ਾਮਲ ਸਨ।

# ਮਿਊਂਸਪਲ ਚੋਣਾਂ ਲਈ ਉਮੀਦਵਾਰ ਭਰ ਸਕਦੇ ਹਨ ਨਾਮਜ਼ਦਗੀਆਂ

ਟੋਰਾਂਟੋ, 5 ਮਈ (ਪੋਸਟ ਬਿਊਰੋ) : ਟੋਰਾਂਟੋ ਵਿੱਚ 24 ਅਕਤੂਬਰ ਨੂੰ ਹੋਣ ਜਾ ਰਹੀਆਂ ਮਿਊਂਸਪਲ ਚੋਣਾਂ ਲਈ ਉਮੀਦਵਾਰ ਅੱਜ ਤੋਂ ਆਪਣੇ ਨਾਮਜ਼ਦਗੀ ਕਾਗਜ਼ ਦਾਖਲ ਕਰ ਸਕਦੇ ਹਨ।



19 ਅਗਸਤ ਤੱਕ ਟੋਰਾਂਟੋ ਇਲੈਕਸ਼ਨਜ਼ ਵੱਲੋਂ ਮੇਅਰ, ਸਿਟੀ ਕਾਊਂਸਲ ਤੇ ਸਕੂਲ ਬੋਰਡ ਦੇ ਟਰੱਸਟੀਜ਼ ਲਈ ਨਾਮਜ਼ਦਗੀਆਂ ਸਵੀਕਾਰੀਆਂ ਜਾਣਗੀਆਂ। ਮੌਜੂਦਾ ਮੇਅਰ ਜੌਹਨ ਟੋਰੀ ਨੇ ਮਾਰਚ ਵਿੱਚ ਐਲਾਨ ਕੀਤਾ ਕਿ ਉਹ ਤੀਜੀ ਵਾਰ ਵੀ ਇਨ੍ਹਾਂ ਚੋਣਾਂ ਵਿੱਚ ਖੜ੍ਹੇ ਹੋਣਗੇ।

ਪਹਿਲੀ ਵਾਰੀ ਟੋਰੀ 2014 ਵਿੱਚ ਤੇ ਦੂਜੀ ਵਾਰੀ 2018 ਵਿੱਚ ਜਿੱਤੇ ਸਨ। ਟੋਰਾਂਟੋ ਵਾਸੀਆਂ ਵੱਲੋਂ 25 ਸਿਟੀ ਕਾਊਂਸਲਰਜ਼ ਨੂੰ ਚੁਣਿਆ ਜਾ ਸਕਦਾ ਹੈ ਜਾਂ ਮੁੜ ਚੁਣਿਆ ਜਾ ਸਕਦਾ ਹੈ।ਸੰਭਾਵੀ ਉਮੀਦਵਾਰਾਂ ਨੂੰ ਨਾਮਜ਼ਦਗੀ ਪੇਪਰ ਦਾਖਲ ਕਰਨਾ ਜ਼ਰੂਰੀ ਹੋਵੇਗਾ। ਜਦੋਂ ਤੱਕ ਨਾਮਜ਼ਦਗੀ ਪੇਪਰ ਦਾਖਲ ਨਹੀਂ ਕੀਤਾ ਜਾਂਦਾ ਉਦੋਂ ਤੱਕ ਉਹ ਸ਼ਖਸ ਨਾ ਹੀ ਇਸ ਕੈਂਪੇਨ ਲਈ ਕੋਈ ਪੈਸੇ ਇੱਕਠੇ ਕਰ ਸਕਦਾ ਹੈ ਤੇ ਨਾ ਹੀ ਕੋਈ ਪੈਸੇ ਖਰਚ ਕਰ ਸਕਦਾ ਹੈ।

## ਯੂਰਪੀਅਨ ਯੂਨੀਅਨ ਵੱਲੋਂ ਰੂਸ ਦੇ ਤੇਲ ਉੱਤੇ ਪਾਬੰਦੀਆਂ ਲਾਉਣ ਦੀ ਤਿਆਰੀ

ਬਰੱਸਲਜ਼, 5 ਮਈ (ਪੋਸਟ ਬਿਊਰੋ) : ਯੂਰਪੀਅਨ ਯੂਨੀਅਨ ਦੇ ਆਲ੍ਹਾ ਅਧਿਕਾਰੀਆਂ ਵੱਲੋਂ ਬੁੱਧਵਾਰ ਨੂੰ 27 ਦੇਸ਼ਾਂ ਦੇ ਬਲਾਕ ਨੂੰ ਰੂਸ ਤੋਂ ਤੇਲ ਇੰਪੋਰਟ ਕਰਨ ਉੱਤੇ ਪਾਬੰਦੀ ਲਾਉਣ ਦਾ ਸੱਦਾ ਦਿੱਤਾ ਗਿਆ। ਇਸ ਦੇ ਨਾਲ ਹੀ ਇਨ੍ਹਾਂ ਦੇਸ਼ਾਂ ਵੱਲੋਂ ਯੂਕਰੇਨ ਖਿਲਾਫ ਜੰਗ ਵਿੱਢਣ ਵਾਲੇ ਰੂਸ ਉੱਤੇ ਛੇਵੇਂ ਗੇੜ ਦੀਆਂ ਪਾਬੰਦੀਆਂ ਲਾਉਣ ਦਾ ਹੋਕਾ ਵੀ ਦਿੱਤਾ ਗਿਆ। ਇਸ ਸੱਦੇ ਤਹਿਤ ਰੂਸ ਦੇ ਵੱਡੇ ਬੈਂਕਾਂ ਤੇ ਮੁੱਖ ਬ੍ਰੌਡਕਾਸਟਰਜ਼ ਵਿਰੁੱਧ ਸ਼ਿਕੰਜਾ ਕੱਸਣ ਦੀ ਅਪੀਲ ਕੀਤੀ ਗਈ।

ਸਟਰੈਟਸਬਰਗ, ਫਰਾਂਸ ਵਿੱਚ ਯੂਰਪੀਅਨ ਪਾਰਲੀਆਮੈਂਟ ਨੂੰ ਸੰਬੋਧਨ ਕਰਦਿਆਂ ਹੋਇਆਂ ਯੂਰਪੀਅਨ ਕਮਿਸ਼ਨ ਦੀ ਪ੍ਰੈਜ਼ੀਡੈਂਟ ਉਰਸੁਲਾ ਵੌਨ ਡੇਰ ਲੇਯੇਨ ਨੇ ਯੂਰਪੀਅਨ ਯੂਨੀਅਨ ਦੇ ਮੈਂਬਰ ਮੁਲਕਾਂ ਅੱਗੇ ਸੁਝਾਅ ਰੱਖਿਆ ਕਿ ਆਉਣ ਵਾਲੇ ਛੇ ਮਹੀਨਿਆਂ ਵਿੱਚ ਸਾਰੇ ਦੇਸ਼ ਰੂਸ ਤੋਂ ਕੱਚੇ ਤੇਲ ਦੇ ਇੰਪੋਰਟ ਨੂੰ ਬੰਦ ਕਰ ਦੇਣ ਤੇ ਇਸ ਸਾਲ ਦੇ ਅੰਤ ਤੱਕ ਉੱਥੋਂ ਆਉਣ ਵਾਲੀਆਂ ਰਿਫਾਈਨਡ ਵਸਤਾਂ ਨੂੰ ਵੀ ਬੰਦ ਕਰ ਦਿੱਤਾ ਜਾਵੇ।



ਲੇਯੇਨ ਨੇ ਆਖਿਆ ਕਿ ਅਸੀਂ ਪੜਾਅਵਾਰ ਰੂਸੀ ਤੇਲ ਦਾ ਬਦਲ ਲੱਭਾਂਗੇ ਤੇ ਬਦਲਵੇਂ ਸਪਲਾਈ ਰੂਟ ਵੀ ਸੁਰੱਖਿਅਤ ਕਰਾਂਗੇ ਤੇ ਗਲੋਬਲ ਮਾਰਕਿਟ ਉੱਤੇ ਵੀ ਇਸ ਦਾ ਪ੍ਰਭਾਵ ਘਟੇਗਾ।ਉਨ੍ਹਾਂ ਆਖਿਆ ਕਿ ਇਸ ਪ੍ਰਸਤਾਵ ਉੱਤੇ ਸਰਬਸੰਮਤੀ ਬਣਨੀ ਜ਼ਰੂਰੀ ਹੈ ਤੇ ਸੰਭਾਵੀ ਤੌਰ ਉੱਤੇ ਇਹ ਬਹਿਸ ਦਾ ਮੁੱਦਾ ਵੀ ਬਣ ਸਕਦਾ ਹੈ। ਉਨ੍ਹਾਂ ਆਖਿਆ ਕਿ 27 ਦੇਸ਼ਾਂ ਵਿੱਚੋਂ ਕਈ ਤਾਂ ਆਪਣੀਆਂ ਐਨਰਜੀ ਸਬੰਧੀ ਲੋੜਾਂ ਲਈ ਪੂਰੀ ਤਰ੍ਹਾਂ ਰੂਸ ਉੱਤੇ ਨਿਰਭਰ ਕਰਦੇ ਹਨ ਤੇ ਇਸ ਲਈ ਉਨ੍ਹਾਂ ਦਾ ਇਸ ਫੈਸਲੇ ਨੂੰ ਮੰਨਣਾ ਮੁਸ਼ਕਲ ਵੀ ਹੈ।

## ਕਾਸਲ ਫਰੈਂਕ ਸਬਵੇਅ ਸਟੇਸ਼ਨ ਨੇੜੇ ਮਿਲੀ ਲਾਸ਼, ਜਾਂਚ ਜਾਰੀ

ਟੋਰਾਂਟੋ, 5 ਮਈ (ਪੋਸਟ ਬਿਊਰੋ) : ਕਾਸਲ ਫਰੈਂਕ ਸਬਵੇਅ ਸਟੇਸ਼ਨ ਨੇੜੇ ਸੋਮਵਾਰ ਦੁਪਹਿਰ ਨੂੰ ਇੱਕ ਵਿਅਕਤੀ ਦੀ ਲਾਸ਼ ਮਿਲੀ। ਟੋਰਾਂਟੋ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਉਸਾਰੀ ਅਧੀਨ ਸਾਈਟ ਨੇੜੇ ਲਾਸ਼ ਮਿਲਣ ਮਗਰੋਂ ਉਨ੍ਹਾਂ ਨੂੰ ਦੁਪਹਿਰੇ 4:45 ਉੱਤੇ ਕਿਸੇ ਦੀ ਮੈਡੀਕਲ ਕੰਪਲੇਂਟ ਸਬੰਧੀ ਕਾਲ ਹਾਸਲ ਹੋਈ। ਇਹ ਲਾਸ਼ ਕਾਸਲ ਫਰੈਂਕ ਰੋਡ ਤੇ ਡੇਲ ਐਵਨਿਊ ਦੇ ਲਾਂਘੇ ਉੱਤੇ ਮਿਲੀ। ਪੁਲਿਸ ਨੇ ਦੱਸਿਆ ਕਿ ਮੌਤ ਦਾ ਕਾਰਨ ਸ਼ੱਕੀ ਲੱਗ ਰਿਹਾ ਹੈ।

ਫੋਰੈਂਸਿਕ ਟੀਮ ਵੱਲੋਂ ਵੀ ਮੌਕੇ ਉੱਤੇ ਪਹੁੰਚ ਕੇ ਘਟਨਾ ਵਾਲੀ ਥਾਂ ਦੀ ਜਾਂਚ ਕੀਤੀ ਜਾ ਰਹੀ ਹੈ। ਅਜੇ ਤੱਕ ਮ੍ਰਿਤਕ ਦੇ ਲਿੰਗ ਜਾਂ ਉਮਰ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਤੇ ਨਾ ਹੀ ਕਿਸੇ ਮਸ਼ਕੂਕ ਸਬੰਧੀ ਜਾਣਕਾਰੀ ਜਾਰੀ ਕੀਤੀ ਗਈ ਹੈ।

## ਹਿੱਟ ਐਂਡ ਰੰਨ ਮਾਮਲੇ ਵਿੱਚ ਲੜਕੀ ਗੰਭੀਰ ਜ਼ਖ਼ਮੀ, ਮਹਿਲਾ ਗ੍ਰਿਫਤਾਰ

ਹੈਮਿਲਟਨ, 5 ਮਈ (ਪੋਸਟ ਬਿਊਰੋ) : ਸ਼ਨਿੱਚਰਵਾਰ ਸ਼ਾਮ ਨੂੰ ਹੈਮਿਲਟਨ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰ ਕੇ 14 ਸਾਲਾ ਲੜਕੀ ਨੂੰ ਜ਼ਖ਼ਮੀ ਕਰਨ ਤੋਂ ਬਾਅਦ ਮੌਕੇ ਤੋਂ ਭੱਜੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।




ਹੈਮਿਲਟਨ ਪੈਰਾਮੈਡਿਕਸ ਨੇ ਦੱਸਿਆ ਕਿ ਸ਼ਾਮੀਂ 5:15 ਵਜੇ ਉਨ੍ਹਾਂ ਨੂੰ ਪਾਰਕਡੇਲ ਐਵਨਿਊ ਨੌਰਥ ਤੇ ਰੌਕਸਬਰੋ ਐਵਨਿਊ ਉੱਤੇ ਇੱਕ ਲੜਕੀ ਦੇ ਜ਼ਖ਼ਮੀ ਹੋਣ ਦੀ ਖਬਰ ਮਿਲੀ। ਹੈਮਿਲਟਨ ਪੁਲਿਸ ਨੇ ਦੱਸਿਆ ਕਿ ਉਹ ਲੜਕੀ ਆਪਣੇ ਦੋਸਤਾਂ ਨਾਲ ਪਾਰਕਡੇਲ ਐਵਨਿਊ ਨੇੜੇ ਤੁਰੀ ਜਾ ਰਹੀ ਸੀ ਕਿ ਲਾਂਘੇ ਉੱਤੇ 2005 ਨਿਸਾਨ ਕੁਐਸਟ ਵੱਲੋਂ ਉਸ ਨੂੰ ਟੱਕਰ ਮਾਰ ਦਿੱਤੀ ਗਈ। ਪੁਲਿਸ ਨੇ ਦੱਸਿਆ ਕਿ ਗੱਡੀ ਦਾ ਡਰਾਈਵਰ ਉੱਥੇ ਰੁਕਣ ਦੀ ਥਾਂ ਉੱਤੇ ਭੱਜ ਨਿਕਲਿਆ।

ਪੈਰਾਮੈਡਿਕਸ ਨੇ ਦੱਸਿਆ ਕਿ ਲੜਕੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ।ਪੁਲਿਸ ਨੇ ਐਤਵਾਰ ਸਵੇਰੇ ਦੱਸਿਆ ਕਿ ਹਾਦਸੇ ਨੂੰ ਅੰਜਾਮ ਦੇਣ ਤੋਂ ਬਾਅਦ ਮੌਕੇ ਉੱਤੇ ਨਾ ਰੁਕਣ ਲਈ ਹੈਮਿਲਟਨ ਦੀ 30 ਸਾਲਾ ਮਹਿਲਾ ਨੂੰ ਚਾਰਜ ਕੀਤਾ ਗਿਆ ਹੈ। ਪੁਲਿਸ ਵੱਲੋਂ ਉਸ ਮਹਿਲਾ ਦਾ ਨਾਂ ਨਹੀਂ ਦੱਸਿਆ ਗਿਆ। ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant



ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca

GroVerCPA Professional Corporation

214-7895 Tranmere Drive, Mississauga ON L5S 1V9

## ਅੱਜ ਨਾਮਾ

ਲਾਈ ਕਣਕ ਦੇ ਨਾੜ ਲਈ ਅੱਗ ਭੜਕੀ,
ਵਧਦੀ ਸੜਕ ਦੇ ਤੀਕ ਸੀ ਆਈ ਮੀਆਂ।
ਫਸ ਗਈ ਵਿੱਚ ਆ ਕੇ ਬੱਸ ਬੱਚਿਆਂ ਦੀ,
ਪੈ ਗਈ ਝੱਟ ਫਿਰ ਹਾਲ-ਦੁਹਾਈ ਮੀਆਂ।
ਆਏ ਖੇਤਾਂ ਵਿੱਚ ਕੰਮ ਕਿਰਸਾਨ ਕਰਦੇ,
ਸਾਰਿਆਂ ਆ ਕੇ ਹਿੰਮਤ ਦਿਖਾਈ ਮੀਆਂ।
ਕੁਝ ਤਾਂ ਬੁਰੀ ਤਰ੍ਹਾਂ ਗਏ ਸੀ ਝੁਲਸ ਬੱਚੇ,
ਤਰਾਹ ਕੱਢਦੀ ਖਬਰ ਜਿਹੀ ਆਈ ਮੀਆਂ।
ਵਾਪਰੇ ਹਾਦਸੇ ਪਹਿਲਾਂ ਇਹ ਕਈ ਵਾਰੀ,
ਹੁੰਦੀਆਂ ਮੌਤਾਂ ਤੇ ਭੁੱਲ ਜਾਏ ਗੱਲ ਮੀਆਂ।
ਜਾਂਚ ਹੁੰਦੀ ਤਾਂ ਫਾਈਲ ਫਿਰ ਜਾਏ ਠੱਪੀ,
ਲੱਭਦਾ ਕੋਈ ਨਹੀਂ ਕਦੇ ਵੀ ਹੱਲ ਮੀਆਂ।

**ਤੀਸ ਮਾਰ ਖਾਂ**

# ਭਗਵੰਤ ਮਾਨ ਸਰਕਾਰ ਦੇ 50 ਦਿਨ: 26 ਹਜ਼ਾਰ ਤੋਂ ਵੱਧ ਨੌਕਰੀਆਂ ਦੀ ਭਰਤੀ ਕਰਨ ਦਾ ਕੰਮ ਸ਼ੁਰੂ

ਚੰਡੀਗੜ੍ਹ, 5 ਮਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ 50 ਦਿਨ ਪੂਰੇ ਹੋਣ ਮੌਕੇ ਵੀਡੀਓ ਸੰਦੇਸ਼ ਜਾਰੀ ਕਰ ਕੇ ਕਿਹਾ ਹੈ ਕਿ 26,454 ਪੋਸਟਾਂ ਭਰਨ ਦੇ ਲਈ ਸਰਕਾਰ ਨੇ ਇਸ਼ਤਿਹਾਰ ਜਾਰੀ ਕਰ ਦਿੱਤਾ ਹੈ, ਨੌਜਵਾਨ ਯੋਗਤਾ ਅਨੁਸਾਰ ਅਪਲਾਈ ਕਰ ਸਕਦੇ ਹਨ।

ਇਸ ਵੀਡੀਓ ਸੰਦੇਸ਼ ਵਿੱਚ ਭਗਵੰਤ ਮਾਨ ਨੇ ਕਿਹਾ ਕਿ ਇਸ ਵਾਰ ਨੌਕਰੀ ਲਈ ਭਰਤੀ ਸਿੱਖਿਆ ਅਤੇ ਡਿਗਰੀ ਦੇਖ ਕੇ ਅਤੇ ਬਿਨਾਂ ਸਿਫਾਰਿਸ਼ ਤੇ ਰਿਸ਼ਵਤ ਤੋਂ ਪਾਰਦਰਸ਼ੀ ਢੰਗ ਨਾਲ ਕੀਤੀ ਹੋਵੇਗੀ। ਉਨ੍ਹਾ ਕਿਹਾ ਕਿ ਸਾਡਾ ਵਾਅਦਾ ਸੀ ਕਿ ਹਰੇ ਰੰਗ ਦਾ ਪੈੱਨ ਲੋਕਾਂ ਲਈ ਚੱਲੇਗਾ ਅਤੇ ਉਸੇ ਤਰ੍ਹਾਂ ਹੋਵੇਗਾ। ਉਨ੍ਹਾਂ ਦਾਅਵਾ ਕੀਤਾ ਕਿ 26,454 ਨੌਕਰੀਆਂ ਤੋਂ ਬਿਨਾ ਅਗਲੇ ਸਮੇਂ ਵਿੱਚ ਹੋਰ ਸਰਕਾਰੀ ਅਤੇ ਪ੍ਰਾਈਵੇਟ ਨੌਕਰੀਆਂ ਦੇ ਇਸ਼ਤਿਹਾਰ ਆਉਣਗੇ। ਉਨ੍ਹਾਂ ਕਿਹਾ ਕਿ ਜੋ ਪਹਿਲਾਂ ਹੋ ਗਿਆ ਹੈ, ਉਹ ਵੀ ਠੀਕ ਕਰਾਂਗੇ, ਪਰ ਸਿਸਟਮ ਨੂੰ ਠੀਕ ਕਰਨ ਲਈ ਜਨਤਾ ਦਾ ਸਹਿਯੋਗ ਚਾਹੀਦਾ ਹੈ।



ਦੂਸਰੇ ਪਾਸੇ ਅੱਜ ਨਾਭਾ ਪੁੱਜੇ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਸਰਕਾਰ ਦੇ 50 ਦਿਨਾਂ ਬਾਰੇ ਕਿਹਾ ਕਿ ਭਗਵੰਤ ਮਾਨ ਨੂੰ ਮੈਂ ਅਜੇ ਨੰਬਰ ਨਹੀਂ ਦਿੰਦਾ, ਇਕ ਮਹੀਨੇ ਬਾਅਦ ਇਹ ਨੰਬਰ ਦੇਣੇ ਸ਼ੁਰੂ ਕਰਾਂਗਾ।ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 50 ਦਿਨਾਂ ਤੋਂ ਬਾਅਦ ਨੌਕਰੀਆਂ ਦਾ ਐਲਾਨ ਕਰਨ ਉੱਤੇਉਨ੍ਹਾ ਕਿਹਾ ਕਿ ਅਜੇ ਐਲਾਨ ਹਨ, ਭਾਵੇਂ ਬਿਜਲੀ ਦਾ ਮੁੱਦਾ ਹੋਵੇ, ਘਰ-ਘਰ ਰਾਸ਼ਨ ਪੁਚਾਉਣ ਦਾ ਹੋਵੇ, ਇਨ੍ਹਾਂ ਐਲਾਨ ਹੀ ਕੀਤੇ ਹਨ, ਕੋਈ ਵਾਅਦਾ ਪੂਰਾ ਨਹੀਂ ਕੀਤਾ।ਰਾਜਾ ਵੜਿੰਗ ਏਥੇ ਪੰਜਾਬ ਦੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਰਿਹਾਇਸ਼ ਉੱਤੇਆਏ ਸਨ। ਉਨ੍ਹਾਂ ਨੇ ਭਗਵੰਤ ਮਾਨ ਸਰਕਾਰ ਬਾਰੇ ਕਿਹਾ ਕਿ ਇਕ ਮਹੀਨਾ ਹੋਰ ਲੈ ਲਉ, ਪਰ ਕੀਤੇ ਐਲਾਨਾਂ ਉੱਤੇਅਮਲ ਕਰ ਕੇ ਵਿਖਾਉ।ਰਾਜਾ ਵੜਿੰਗ ਨੇ ਕਿਹਾ ਕਿ ਭਗਵੰਤ ਮਾਨ ਕਹਿੰਦੇ ਹਨ ਕਿ ਕੋਲੇ ਦੀ ਖਾਣ ਦਾ ਕੇਸ ਜਿੱਤਿਆ ਹੈ, ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਇਹ ਕੇਸ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਹੋਣ ਵੇਲੇ ਜਿੱਤਿਆ ਸੀ।ਓਦੋਂ ਕਾਂਗਰਸ ਨੇ ਲੜਾਈ ਲੜੀ, ਪਰ ਭਗਵੰਤ ਮਾਨ ਕਹਿੰਦੇ ਹਨ ਕਿ ਉਹ ਕੇਸ ਉਨ੍ਹਾਂ ਜਿੱਤਿਆ ਹੈ। ਵੜਿੰਗ ਨੇ ਕਿਹਾ ਕਿ ਮੈਂ ਇਸ ਬਾਰੇ ਪ੍ਰੈੱਸ ਨੋਟ ਜਾਰੀ ਕਰਾਂਗਾ। ਉਨ੍ਹਾਂ ਕਿਹਾ ਕਿ ਭਗਵੰਤ ਹੋਣਾ ਪਾਰਲੀਮੈਂਟ ਮੈਂਬਰ ਨਹੀਂ, ਮੁੱਖ ਮੰਤਰੀ ਹਨ ਅਤੇ ਉਹ ਓਨਾ ਹੀ ਬੋਲਣ, ਜਿੰਨਾ ਕਰ ਸਕਦੇ ਹਨ, ਕਿਉਂਕਿ ਅੱਜ-ਕੱਲ੍ਹ ਲੋਕ ਸੋਸ਼ਲ ਮੀਡੀਆ ਉੱਤੇਲੋਕ ਬਹੁਤ ਜ਼ਿਆਦਾ ਐਕਟਿਵ ਹਨ।

# ਸ਼੍ਰੋਮਣੀ ਕਮੇਟੀ ਨੇ ਹਰਮੀਤ ਸਿੰਘ ਕਾਲਕਾ ’ਤੇ ਸਿਆਸੀ ਬਿਆਨਬਾਜ਼ੀ ਦਾ ਦੋਸ਼ ਲਾਇਆ

ਅੰਮ੍ਰਿਤਸਰ, 5 ਮਈ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਬਾਰੇ ਉਠਾਏ ਸਵਾਲਾਂ ਉਤੇ ਸ਼੍ਰੋਮਣੀ ਕਮੇਟੀ ਦੇ ਮੀਤ ਸੈਕਟਰੀ ਕੁਲਵਿੰਦਰ ਸਿੰਘ ਰਮਦਾਸ ਨੇ ਕਿਹਾ ਹੈ ਕਿ ਕਾਲਕਾ ਸਿਆਸੀ ਬਿਆਨਬਾਜ਼ੀ ਕਰ ਰਹੇ ਹਨ, ਜਦ ਕਿ ਸੱਚਾਈ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਕ-ਲਾ ਦਿੱਲੀ ਨਹੀਂ, ਦੇਸ਼ ਦੇ 13 ਰਾਜਾਂ ਵਿੱਚ ਸਿੱਖ ਮਿਸ਼ਨਾਂ ਰਾਹੀਂ ਧਰਮ ਪ੍ਰਚਾਰ ਦੇ ਕਾਰਜ ਕੀਤੇ ਜਾ ਰਹੇ ਹਨ। ਇਨ੍ਹਾਂ ਸਾਰੇ ਮਿਸ਼ਨਾਂ ਵਿੱਚ ਤੈਨਾਤ ਪ੍ਰਚਾਰਕ ਜਥੇ ਓਥੋਂਦੀ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਧਰਮ ਪ੍ਰਚਾਰ ਦੇ ਪ੍ਰੋਗਰਾਮ ਉਲੀਕਦੇ ਹਨ ਅਤੇ ਇਸੇ ਤਹਿਤ ਦਿੱਲੀ ਵਿੱਚ ਵੀ ਕਾਰਜ ਜਾਰੀ ਹਨ। ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਮਿਸ਼ਨ ਅੱਜ ਨਹੀਂ ਬਲਕਿ ਪਿਛਲੇ ਲੰਮੇ ਸਮੇਂ ਤੋਂ ਕਾਰਜਸ਼ੀਲ ਹੈ ਅਤੇ ਚੰਗਾ ਕੰਮ ਕਰ ਰਿਹਾ ਹੈ।

ਕੁਲਵਿੰਦਰ ਸਿੰਘ ਰਮਦਾਸ ਨੇ ਹਰਮੀਤ ਸਿੰਘ ਕਾਲਕਾ ਨੂੰ ਸਵਾਲ ਕੀਤਾ ਕਿ ਸਿੱਖੀ ਪ੍ਰਚਾਰ ਕਰਨਾ ਤੇ ਸੰਗਤ ਨੂੰ ਗੁਰੂ ਘਰਾਂ ਦੇ ਦਰਸ਼ਨ ਕਰਾਉਣੇ ਕੀ ਕੋਈ ਗੁਨਾਹ ਹੈ। ਉਨ੍ਹਾਂ ਕਿਹਾ ਕਿ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਧਰਮ ਪ੍ਰਚਾਰ ਕਰਨਾ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਹੈ, ਜਿਸ ਨੂੰ ਜਾਰੀ ਰੱਖਿਆ ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀਦੇ ਚਾਰ ਸੌ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਿੱਲੀ ਵਿੱਚ ਲਾਲ ਕਿਲ੍ਹੇ ਉੱਤੇ ਕਰਵਾਏ ਸਮਾਗਮ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਨਾ ਜਾਣ ਬਾਰੇ ਮੀਤ ਸੈਕਟਰੀ ਨੇ ਕਿਹਾ ਕਿ ਉਸ ਦਿਨ ਅੰਮ੍ਰਿਤਸਰ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਅਸਥਾਨ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਸਮਾਗਮ ਦਾ ਪ੍ਰੋਗਰਾਮ ਰੱਖਿਆ ਹੋਇਆ ਸੀ, ਇਸ ਕਾਰਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਦਿੱਲੀ ਜਾਣਾ ਸੰਭਵ ਨਹੀਂ ਸੀ।



# ਹਰਿਆਣਾ ਤੋਂ ਪੰਜਾਬ ਦੇ ਚਾਰ ਖਾੜਕੂ ਫੜੇ ਜਾਣ ਨਾਲ ਸਨਸਨੀ

### * ਪੰਜਾਬ ਪੁਲਿਸ ਨੇ 300 ਕਿਲੋਮੀਟਰ ਪਿੱਛਾ ਕਰ ਕੇ ਖਤਰਾ ਟਾਲਿਆ : ਭਾਵਰਾ

ਚੰਡੀਗੜ੍ਹ, 5 ਮਈ, (ਪੋਸਟ ਬਿਊਰੋ)- ਕਰਨਾਲ ਵਿੱਚ ਹਥਿਆਰਾਂ ਸਮੇਤ ਚਾਰ ਖਾੜਕੂ ਫੜੇ ਜਾਣ ਨਾਲ ਪੰਜਾਬ ਦੇ ਨਾਲ ਹਰਿਆਣਾ ਅਤੇ ਰਾਜਧਾਨੀ ਦਿੱਲੀ ਤੱਕ ਹਰ ਪਾਸੇ ਸਨਸਨੀ ਫੈਲ ਗਈ ਹੈ।

ਇਸ ਸਬੰਧ ਵਿੱਚ ਪੰਜਾਬ ਪੁਲਸ ਦੇ ਮੁਖੀ (ਡੀਜੀਪੀ) ਵੀਕੇ ਭਾਵਰਾ ਨੇ ਦੱਸਿਆ ਹੈ ਕਿ ਪੰਜਾਬ ਤੇ ਹਰਿਆਣਾ ਪੁਲਿਸ ਦੇ ਆਪਸੀ ਤਾਲਮੇਲ ਨਾਲ ਸੰਭਾਵਤ ਖਾੜਕੂ ਹਮਲਾ ਟਾਲਿਆ ਹੈ। ਉਨ੍ਹਾ ਕਿਹਾ ਕਿ ਪੰਜਾਬ ਪੁਲਿਸ ਦੀ ਟੀਮ ਨੇ ਚਾਰ ਖਾੜਕੂ ਫੜਨ ਲਈ ਕਰੀਬ 300 ਕਿਲੋਮੀਟਰ ਪਿੱਛਾ ਕੀਤਾ। ਇਨ੍ਹਾਂ ਵਿੱਚੋਂ ਤਿੰਨ ਗੁਰਪ੍ਰੀਤ ਸਿੰਘ, ਅਮਨਦੀਪ ਸਿੰਘ ਅਤੇ ਪਰਮਿੰ-ਦਰ ਸਿੰਘ ਜ਼ਿਲ੍ਹਾ ਫਿਰੋਜ਼ਪੁਰ ਦੇ ਥਾਣਾ ਜ਼ੀਰਾ ਦੇ ਪਿੰਡ ਵਿੰਝੋਕੇ ਦੇ ਵਾਸੀ ਹਨ ਅਤੇ ਚੌਥਾ ਭੁਪਿੰਦਰ ਸਿੰਘ ਪਿੰਡ ਭੱਟੀਆਂ, ਲੁਧਿਆਣਾ ਦਾ ਵਾਸੀ ਹੈ।ਕਰਨਾਲ (ਹਰਿਆਣਾ)ਦੇ ਮਧੂਬਨ ਵਿੱਚ ਤਿੰਨ ਆਈਈਡੀ (ਧਮਾਕਾਖੇਜ਼ ਪਦਾਰਥ) ਤੇ ਪਿਸਤੌਲ ਬਰਾਮਦ ਕਰਕੇ ਉਨ੍ਹਾਂਉੱਤੇ ਕੇਸ ਦਰਜ ਕੀਤਾ ਗਿਆ ਹੈ।ਡੀ ਜੀ ਪੀ, ਵੀ ਕੇ ਭਾਵਰਾ ਨੇ ਕਿਹਾ ਕਿ ਕੇਂਦਰੀ ਏਜੰਸੀ ਨੇ ਖਾੜਕੂਆਂ ਬਾਰੇ ਇਨਪੁਟ ਦਿੱਤਾ ਸੀ ਕਿ ਕੁਝ ਸ਼ੱਕੀ ਲੋਕ ਵਿਸਫੋਟਕ ਸਮੱਗਰੀ ਅਤੇ ਹਥਿਆਰਾਂ ਨਾਲ ਕਾਰਵਾਈਆਂ ਕਰ ਸਕਦੇ ਹਨ। ਇਹ ਸਰਹੱਦੀ ਜ਼ਿਲਾ ਫਾਜ਼ਿਲਕਾ ਤੇ ਫਿਰੋਜ਼ਪੁਰ ਨਾਲ ਦੇ ਖੇਤਰਾਂ ਬਾਰੇਸੀ। ਇਸ ਪਿੱਛੋਂ ਕਮਾਂਡੈਂਟ ਪੀਏਪੀ ਹਰਕਮਲਪ੍ਰੀਤ ਸਿੰਘ ਖੱਖ ਅਤੇ ਐਸਐਚਓ ਫਾਜ਼ਿਲਕਾ ਸਕੱਤਰਦੀਪ ਸਿੰਘ ਬਰਾੜ ਦੀ ਅਗਵਾਈ ਵਿੱਚ ਪੁਲੀਸ ਟੀਮ ਨੇ ਕੇਂਦਰੀ ਏਜੰਸੀ ਦੀ ਟੀਮ ਨਾਲ ਮਿਲ ਕੇ ਇਨ੍ਹਾਂ ਨੂੰ ਫੜਨ ਲਈ ਮੁਹਿੰਮ ਚਲਾਈ। ਜਦੋਂ ਫਿਰੋਜ਼ਪੁਰ, ਫਾਜ਼ਲਿਕਾ, ਫਰੀਦਕੋਟ ਅਤੇ ਐਸਏਐਸਨਗਰ ਜ਼ਿਲ੍ਹਿਆਂ ਤੋਂ ਸ਼ੱਕੀ ਥਾਵਾਂ ਦੀ ਪਛਾਣ ਕੀਤੀ ਤਾਂ ਪੁਲਿਸ ਨੂੰ ਪਤਾ ਲੱਗਾ ਕਿ ਸ਼ੱਕੀ ਲੋਕ ਫਿਰੋਜ਼ਪੁਰ ਖੇਤਰ ਵਿੱਚ ਹਨ ਅਤੇ ਚਿੱਟੇ ਰੰਗ ਦੀ ਇਨੋਵਾ ਕਾਰਵਿੱਚ ਲੁਧਿਆਣਾ ਵੱਲ ਜਾ ਰਹੇ ਹਨ। ਜਦੋਂ ਉਹ ਨੈਸ਼ਨਲ ਹਾਈਵੇ ਤੋਂ ਅੰਬਾਲਾ ਵੱਲ ਚੱਲੇ ਤਾਂ ਪੰਜਾਬ ਪੁਲਿਸ ਨੇ ਹਰਿਆਣਾ ਪੁਲਿਸ ਨੂੰ ਦੱਸਿਆ ਤੇ ਕਰਨਾਲ ਵਿੱਚ ਹਰਿਆਣਾ ਪੁਲਿਸ ਦੀ ਮਦਦ ਨਾਲ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ।





ਡੀਜੀਪੀ, ਵੀ ਕੇ ਭਾਵਰਾ ਅਨੁਸਾਰ ਫੜੇ ਗਏ ਬੰਦਿਆਂ ਨੇ ਮੰਨਿਆ ਕਿ ਉਹ ਪਾਕਿਸਤਾਨ ਬੈਠੇ ਗੈਂਗਸਟਰ ਤੋਂ ਖਾੜਕੂ ਬਣੇ ਹਰਵਿੰਦਰ ਸਿੰਘ ਉਰਫ਼ ਰਿੰਦਾ ਲਈ ਕੰਮ ਕਰਦੇ ਸਨ। ਰਿੰਦਾ ਕਿਸੇ ਸਮੇਂ ਪੰਜਾਬ, ਚੰਡੀਗੜ੍ਹ, ਮਹਾਰਾਸ਼ਟਰ ਤੇ ਹਰਿਆਣਾ ਵਿੱਚ ਸਰਗਰਮ ਹਿਸਟਰੀ-ਸ਼ੀਟਰ ਸੀ ਅਤੇ ਕਤਲ ਸਮੇਤ ਕਈ ਕੇਸਾਂ ਵਿੱਚ ਲੋੜੀਂਦਾ ਹੈ।

# ਹਾਲ ਦੀ ਘੜੀ ਪ੍ਰਸ਼ਾਂਤ ਕਿਸ਼ੋਰ ਨਵੀਂ ਪਾਰਟੀ ਨਹੀਂ ਬਣਾਉਣਗੇ

### * ਬਿਹਾਰ ਵਿੱਚ 3000 ਕਿਲੋਮੀਟਰ ਪੈਦਲ ਯਾਤਰਾ ਦਾ ਐਲਾਨ

ਪਟਨਾ, 5 ਮਈ, (ਪੋਸਟ ਬਿਊਰੋ)- ਪ੍ਰਸ਼ਾਂਤ ਕਿਸ਼ੋਰ ਉਰਫ ਪੀਕੇ ਨੇ ਨਵਾਂ ਐਲਾਨ ਕੀਤਾ ਹੈ ਕਿ ਉਹ ਦੋ ਅਕਤੂਬਰ ਤੋਂ ਬਿਹਾਰ ਵਿੱਚਤਿੰਨ ਹਜ਼ਾਰ ਕਿਲੋਮੀਟਰ ਪੈਦਲ ਯਾਤਰਾ ਕਰਨਗੇ।ਹਾਲ ਦੀ ਘੜੀ ਨਵੀ ਸਿਆਸੀ ਪਾਰਟੀ ਬਣਾਉਣ ਦੀਆਂ ਗੱਲਾਂ ਨੂੰ ਰੱਦ ਕਰ ਕੇ ਉਨ੍ਹਾਂ ਕਿਹਾ ਕਿ ਅਜੇ ਅਜਿਹਾ ਇਰਾਦਾ ਨਹੀਂ, ਅਜੇ ਉਹ 17-18 ਹਜ਼ਾਰ ਲੋਕਾਂ ਨੂੰ ਮਿਲਣਗੇ ਤੇ ਜੇ ਸਹਿਮਤੀ ਹੋਈ ਤਾਂ ਪਾਰਟੀ ਬਣਾਉਣ ਉੱਤੇਵੀ ਵਿਚਾਰ ਕਰਨਗੇ।

ਵਰਨਣ ਯੋਗ ਹੈ ਕਿ ਪ੍ਰਸ਼ਾਂਤ ਕਿਸ਼ੋਰਬਿਹਾਰ ਵਿੱਚ‘ਜਨ ਸੁਰਾਜ ਮੁਹਿੰਮ’ਚਲਾਉਣ ਲੱਗੇ ਹਨ। ਇਸੇ ਮੁਹਿੰਮ ਦੀ ਜਾਣਕਾਰੀ ਦੇਣ ਲਈ ਅੱਜ ਉਹ ਪਟਨਾ ਵਿੱਚ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਸਾਰੇ ਲੋਕ ਮਿਲ ਕੇ ਅੱਗੇ ਨਾ ਵਧਣਗੇ, ਬਿਹਾਰ ਨਹੀਂ ਵੱਧ ਸਕਦਾ।ਉਨ੍ਹਾ ਕਿਹਾ ਕਿ ਦੋ ਅਕਤੂਬਰ ਗਾਂਧੀ ਜੈਅੰਤੀ ਵੇਲੇ ਉਹ ਤਿੰਨ ਹਜ਼ਾਰ ਕਿਲੋਮੀਟਰ ਦੀ ਪਦ-ਯਾਤਰਾ ਸ਼ੁਰੂ ਕਰਨਗੇ, ਜਿਸ ਦੌਰਾਨ ਜੇ ਇਹ ਰਾਏ ਆਈ ਕਿ ਪਾਰਟੀ ਬਣਾਉਣੀ ਹੈ ਤਾਂ ਬਣਾਉਣਗੇ। ਉਨ੍ਹਾਂ ਕਿਹਾ ਕਿ ਜੇ ਪਾਰਟੀ ਬਣਾਈ ਤਾਂ ਮੇਰੀ ਨਹੀਂ, ਸਾਰਿਆਂ ਦੀ ਹੋਵੇਗੀ, ਮੈਂ ਸਿਰਫ਼ ਮੈਂਬਰ ਰਹਾਂਗਾ। ਉਨ੍ਹਾਂ ਕਿਹਾ ਕਿ ਜੇਪੀ (ਜੈ ਪ੍ਰਕਾਸ਼ ਨਾਰਾਇਣ) ਦੇ ਬਾਅਦ ਬਿਹਾਰ ਵਿੱ-ਚਕਦੇ ਕੋਈ ਵੱਡਾ ਅੰਦੋਲਨ ਨਹੀਂ ਹੋਇਆ ਅਤੇਜਿਹੜੇ ਲੋਕ ਅੱਜ ਸੱਤਾ ਵਿੱਚ ਹਨ, ਉਹ ਜੇਪੀ ਅੰਦੋਲਨ ਤੋਂ ਨਿਕਲੇ ਸਨ।ਪੀ ਕੇ ਨੇ ਕਿਹਾ ਕਿ ਲੱਗਦਾ ਹੈ ਕਿ ਸਮਾਂ ਆ ਗਿਆ ਹੈ ਕਿ ਲੋਕਾਂ ਨੂੰ ਫਿਰ ਇਕੱਠੇ ਕੀਤਾ ਜਾਵੇ। ਪ੍ਰਸ਼ਾਂਤ ਕਿਸ਼ੋਰ ਨੇ ਕਿਹਾ ਕਿ ਬਿਹਾਰ ਵਿੱਚ ਤਿੰਨ ਦਹਾਕਿਆਂ ਤੋਂ ਲਾਲੂ ਪ੍ਰਸਾਦ ਤੇ ਨਿਤਿਸ਼ ਕੁਮਾਰ ਦਾ ਰਾਜ ਹੈ, ਪਰ ਬਿਹਾਰ ਦੀ ਹਾਲਤ ਨਹੀਂ ਬਦਲੀ, ਇਹ ਅੱਜ ਵੀ ਪੱਛੜਿਆ ਤੇ ਗਰੀਬ ਹੈ, ਵਿਕਾਸ ਦੇ ਪੱਧਰ ਤੋਂ ਅਸੀਂ ਹੇਠਾਂ ਖੜ੍ਹੇ ਹਾਂ। ਉਨ੍ਹਾਂ ਕਿਹਾ ਕਿ ਲਾਲੂ ਪ੍ਰਸਾਦ ਤੇ ਉਨ੍ਹਾਂ ਦੇ ਸਮੱਰਥਕ ਮੰਨਦੇ ਹਨ ਕਿ ਉਨ੍ਹਾਂ ਦੇ ਰਾਜ ਵਿੱਚ ਸਮਾਜਿਕ ਨਿਆਂ ਦੀ ਗੱਲ ਹੋਈ ਤੇ ਸਰਕਾਰ ਨੇ ਲੋਕਾਂ ਨੂੰ ਆਵਾਜ਼ ਦਿੱਤੀ ਤੇ ਨਿਤਿਸ਼ ਕੁਮਾਰ ਦੇ ਸਮਰਥਕ ਕਹਿੰਦੇ ਹਨ ਕਿ ਇਸ ਸਰਕਾਰਨੇ ਆਰਥਿਕ ਪੱਖਾਂ ਉੱਤੇ ਧਿਆਨ ਦਿੱਤਾ ਅਤੇ ਬਿਹਾਰ ਦਾ ਵਿਕਾਸ ਹੋਇਆ। ਦੋਵਾਂ ਦੀਆਂ ਗੱਲਾਂ ਵਿੱਚ ਕੁਝ ਸੱਚ ਹੋਵੇਗਾ, ਪਰ ਬਿਹਾਰ ਪਛੜਿਆ ਹੋਇਆ ਹੈ।



# ਸੰਸਾਰ ਸਿਹਤ ਸੰਗਠਨ ਦੇ ਮੁਤਾਬਕ ਕੋਰੋਨਾ ਨਾਲ ਭਾਰਤ ਵਿੱਚ 47 ਲੱਖ ਲੋਕ ਮਾਰੇ ਗਏ

### * ਭਾਰਤ ਸਰਕਾਰ ਨੇ ਅੰਕੜਿਆਂ ਉੱਤੇ ਸਵਾਲ ਉਠਾਏ

ਨਵੀਂ ਦਿੱਲੀ, 5 ਮਈ, (ਪੋਸਟ ਬਿਊਰੋ)-ਵਿਸ਼ਵ ਸਿਹਤ ਸੰਗਠਨ (ਡਬਲਿਊ ਐੱਚ ਓ) ਨੇ ਕਿਹਾ ਹੈ ਕਿ ਭਾਰਤ ਵਿੱਚ ਕੋਰੋਨਾ ਵਾਇਰਸ ਦੀ ਮਹਾਮਾਰੀਨਾਲ 47 ਲੱਖ ਲੋਕਾਂ ਦੀ ਮੌਤ ਹੋਈ ਸੀ। ਇਹ ਗਿਣਤੀ ਭਾਰਤ ਦੇ ਸਰਕਾਰੀ ਅੰਕੜਿਆਂ ਤੋਂ ਕਰੀਬ 10 ਗੁਣਾ ਵੱਧ ਹੈ। ਭਾਰਤ ਸਰਕਾਰ ਨੇ ਇਸ ਦਾਅਵੇ ਉੱਤੇ ਸਵਾਲ ਚੁੱਕੇ ਹਨ। ਡਬਲਿਊ ਐੱਚ ਓਦਾ ਅੰਦਾਜ਼ਾ ਹੈ ਕਿ ਕੋਰੋਨਾ ਮਹਾਮਾਰੀ ਨਾਲ ਦੁਨੀਆ ਵਿੱ-ਚਅੱਜ ਤੱਕ ਕਰੀਬ 15 ਮਿਲੀਅਨ ਲੋਕਾਂ ਦੀ ਮੌਤ ਹੋਈ ਹੈ। ਇਹ ਅੰਕੜਾ 2 ਸਾਲਾਂ ਵਿੱਚ ਕੋਵਿਡ ਨਾਲ ਹੋਈਆਂ ਮੌਤਾਂ ਤੋਂ 13 ਫੀਸਦੀ ਵੱਧ ਹੈ।ਡਬਲਿਊ ਐੱਚ ਓ ਦਾ ਮੰਨਣਾ ਹੈ ਕਿ ਕਈ ਦੇਸ਼ਾਂ ਨੇ ਕੋਵਿਡ ਨਾਲ ਮੌਤਾਂ ਦੀ ਗਿਣਤੀ ਨੂੰ ਘੱਟ ਸਮਝਿਆ ਹੈ ਤੇ ਇਸ ਲਈ ਸੰਸਥਾ ਮੁਤਾਬਕ ਸਿਰਫ਼ 54 ਲੱਖ ਮੌਤਾਂ ਨੂੰ ਸਰਕਾਰੀ ਤੌਰ ਉੱਤੇ ਮੰਨਿਆ ਗਿਆ ਹੈ।

ਇਸ ਦੌਰਾਨਡਬਲਿਊ ਐੱਚ ਓਨੇ ਭਾਰਤ ਵਿੱਚ ਮ੍ਰਿਤਕਾਂ ਦੀ ਜੋ ਗਿਣਤੀ ਦੱਸੀ, ਉਹ ਦੁਨੀਆ ਭਰਦੀਆਂ ਮੌਤਾਂ ਦੀ ਗਿਣਤੀ ਦਾ ਇੱਕ ਤਿਹਾਈ ਹੁੰਦੀ ਹੈ, ਪਰ ਭਾਰਤ ਸਰਕਾਰ ਨੇ ਇਸ ਮੁਲਾਂਕਣ ਸਵਾਲ ਕੀਤੇ ਅਤੇਕਿਹਾ ਕਿ ਭਾਰਤ ਦੇ ਰਜਿਸਟਰਾਰ ਜਨਰਲ ਵੱਲੋਂ ਸਿਵਲ ਰਜਿਸਟ੍ਰੇਸ਼ਨ ਸਿਸਟਮ ਵੱਲੋਂਛਾਪੇ ਅੰਕੜਿਆਂ ਮੁਤਾਬਕ ਭਾਰਤ ਲਈ ਵਾਧੂ ਮੌਤਾਂ ਦੀ ਗਿਣਤੀ ਨੂੰ ਪੇਸ਼ ਕਰਨ ਲਈ ਮੈਥ ਦੇ ਮਾਡਲਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਭਾਰਤ ਵਿੱਚ ਜਨਮ ਤੇ ਮੌਤਾਂ ਦੀ ਰਜਿਸਟ੍ਰੇਸ਼ਨ ਬਹੁਤ ਮਜ਼ਬੂਤ ਹੈ ਅਤੇ ਇਹ ਕਈ ਦਹਾਕੇ ਪੁਰਾਣੇ ਕਾਨੂੰਨੀ ਢਾਂਚੇ ਦੇ ਕੰਟਰੋਲ ਮੁਤਾਬਕ ਹੈ।



## ਭਗਤਾ ਭਾਈਕਾ ਵਿੱਚ ਬੱਸਾਂ ਸੜਨ ਦਾ ਮਾਮਲਾ:

# ਡਰਾਈਵਰ ਨੇ ਕੰਡਕਟਰ ਦੇ ਬੈਗ ਵਿੱਚੋਂ 1300 ਰੁਪਏ ਚੋਰੀ ਕਰ ਕੇ ਅੱਗ ਲਾਈ ਸੀ

ਬਠਿੰਡਾ, 5 ਮਈ (ਪੋਸਟ ਬਿਊਰੋ)- ਭਗਤਾ ਭਾਈਕਾ ਵਿੱਚ ਮਾਲਵਾ ਬੱਸ ਕੰਪਨੀ ਦੀਆਂ ਨਵੀਆਂ ਬੱਸਾਂ ਨੂੰ ਅੱਗ ਲੱਗਣ ਦੇ ਕੇਸ ਵਿੱਚ ਭੇਦ ਖੁੱਲ੍ਹ ਗਿਆ ਹੈ। ਪੁਲਸ ਅਧਿਕਾਰੀ ਭਾਵੇਂ ਕੁਝ ਨਹੀਂ ਬੋਲ ਰਹੇ ਹਨ, ਪਰਮਿਲੀ ਜਾਣਕਾਰੀ ਅਨੁਸਾਰ ਘਟਨਾ ਵਾਲੇ ਦਿਨ ਨਾਲ ਇੱਕ ਬੱਸ ਵਿੱਚ ਸੁੱਤਾ ਰਿਹਾ ਉਸੇ ਕੰਪਨੀ ਦਾ ਬੱਸ ਡਰਾਈਵਰ ਤਾਰੀ ਇਸ ਕਾਂਡ ਦਾ ਜ਼ਿੰਮੇਵਾਰ ਹੈ। ਪੁਲਸ ਕਸਟਡੀ ਵਿੱਚ ਉਸ ਨੇ ਆਪਣਾ ਅਪਰਾਧ ਕਬੂਲ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਮਾਨਸਾ ਦੇ ਵਸਨੀਕ ਡਰਾਈਵਰ ਤਾਰੀ ਨੇ ਪਹਿਲਾਂ ਬੱਸ ਵਿੱਚੋਂ ਕਰੀਬ 200 ਲੀਟਰ ਡੀਜ਼ਲ ਕੱਢ ਕੇ ਕਿਤੇ ਵੇਚ ਦਿੱਤਾ। ਫਿਰ ਬੱਸ ਵਿੱਚ ਸੁੱਤੇ ਪਏ ਕੰਡਕਟਰ ਸੁਖਵਿੰਦਰ ਸ਼ਰਮਾ ਦੇ ਥੈਲੇਤੋਂ ਕਰੀਬ 1300 ਰੁਪਏ ਵੀ ਚੋਰੀ ਕਰ ਲਏ। ਵਾਰਦਾਤ ਦਾ ਪਤਾ ਨਾ ਲੱਗੇ, ਉਸ ਨੇ ਸੁਖਵਿੰਦਰ ਸ਼ਰਮਾ ਦੇ ਥੈਲੇ ਨੂੰ ਅੱਗ ਲਾ ਦਿੱਤੀ ਤੇ ਖੁਦ ਦੂਸਰੀ ਬੱਸ ਵਿੱਚ ਆ ਕੇ ਲੇਟ ਗਿਆ, ਪ੍ਰੰਤੂ ਥੈਲੇ ਵਿੱਚ ਲੱਗੀ ਅੱਗ ਬੱਸ ਦੇ ਫਾਇਬਰ ਫਰਸ਼ ਉੱਤੇ ਫੈਲ ਗਈ ਅਤੇ ਬੱਸ ਵਿੱਚ ਸੁੱਤੇ ਪਏ ਸੁੱਖਵਿੰਦਰ ਨੂੰ ਬਾਹਰ ਨਿਕਲਣ ਦਾ ਮੌਕਾ ਨਹੀਂ ਮਿਲਿਆ।ਅੱਗ ਲੱਗਣ ਦੇ ਬਾਅਦ ਉਹ ਬੱਸ ਦਾ ਸ਼ੀਸ਼ਾ ਤੋੜ ਕੇ ਬਾਹਰ ਨਿਕਲਿਆ, ਜਿਸ ਕਾਰਨ ਉਸ ਦੇ ਹੱਥ ਉੱਤੇ ਵੀ ਸੱਟ ਲੱਗ ਗਈ, ਪਰ ਉਹ ਪਹਿਲੇ ਦਿਨੋਂ ਹੀ ਪੁਲਸ ਦੇ ਸ਼ੱਕ ਦੇ ਘੇਰੇ ਵਿੱਚ ਸੀ ਅਤੇ ਪੁਲਸ ਨੇ ਉਸੇ ਸਮੇਂ ਕੁਝ ਲੋਕਾਂ ਨੂੰ ਰਾਉਂਡ ਅਪ ਕੀਤਾ ਸੀ।

# ਨਾਜਾਇਜ਼ ਕਬਜ਼ਿਆਂ ਵਿਰੁੱਧ ਮੁਹਿੰਮ: ਇੱਕ ਸਾਬਕਾ ਡਿਪਟੀ ਕਮਿਸ਼ਨਰ ਦੇ ਪਰਵਾਰ ਕੋਲੋਂ ਪੰਚਾਇਤੀ ਜ਼ਮੀਨ ਛੁਡਾਈ ਗਈ

### * 1987 ਤੋਂ ਜ਼ਮੀਨ ਦੱਬੀ ਹੋਈ ਸੀ 22 ਏਕੜ

ਜਲੰਧਰ, 5 ਮਈ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਇਸ ਰਾਜ ਵਿੱਚ ਜ਼ਮੀਨਾਂ ਉੱਤੇ ਕੀਤੇ ਨਾਜਾਇਜ਼ ਕਬਜ਼ਿਆਂ ਖਿਲਾਫ਼ ਮੁਹਿੰਮ ਤੇਜ਼ ਕਰ ਦਿੱਤੀ ਹੈ। ਪੇਂਡੂ ਵਿਕਾਸ ਅਤੇ ਪੰਚ-ਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਇਥੇ ਪਿੰਡਾਂ ਵਿੱਚ ਪੰਚਾਇਤੀ ਅਤੇ ਹੋਰ ਸਰਕਾਰੀ ਜ਼ਮੀਨਾਂ ਨੂੰ ਨਾਜਾਇਜ਼ ਕਬਜ਼ੇ ਛੁਡਾਉਣ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਪੰਚਾਇਤੀ ਜ਼ਮੀਨਾਂ ਤੋਂ ਹਰ ਹਾਲ ਇਹ ਕਬਜ਼ੇ ਛੁਡਾਏ ਜਾਣਗੇ, ਭਾਵੇਂ ਇਨ੍ਹਾਂ ਜ਼ਮੀਨਾਂ ਉੱਤੇ ਗਲਤ ਢੰਗ ਨਾਲ ਕਾਬਜ਼ ਲੋਕ ਕਿੰਨੇ ਵੀ ਰਸੂਖਦਾਰ ਕਿਉਂ ਨਾ ਹੋਣ, ਕੋਈ ਲਿਹਾਜ ਨਹੀਂ ਕੀਤਾ ਜਾਵੇਗਾ।

ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਇਸ ਜ਼ਿਲੇਵਿੱਚ ਕਰੀਬ 22 ਏਕੜ ਪੰਚਾਇਤੀ ਜ਼ਮੀਨ ਉੱਤੇ ਕਬਜ਼ਾ ਕਰਨ ਵਾਲੇ ਸਾਬਕਾ ਅਫਸਰ ਖਿਲਾਫ ਸਖ਼ਤ ਕਾਰਵਾਈ ਕੀਤੀਅਤੇ ਭੋਗਪੁਰ ਨੇੜੇ ਪਿੰਡ ਬੁੱਲ੍ਹੋਵਾਲ ਵਿਖੇ ਸਾਬਕਾ ਡਿਪਟੀ ਕਮਿਸ਼ਨਰ ਦੇ ਪਰਵਾਰ ਤੋਂ 22 ਏਕੜ ਜ਼ਮੀਨ ਦਾ ਕਬਜ਼ਾ ਛੁਡਾਇਆ ਹੈ। ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਅੱਜ ਤੱਕ ਪੰਜਾਬਵਿੱਚ 100 ਏਕੜ ਤੋਂ ਵੱਧ ਰਕਬੇ ਤੋਂ ਨਾਜਾਇਜ਼ ਕਬਜੇ ਛੁਡਾਏ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਵਿਭਾਗ ਦੀ ਟੀਮ ਨੇ ਜ਼ਿਲ੍ਹਾ ਪ੍ਰਸ਼ਾਸਨ ਦੀ ਮਦਦ ਨਾਲ ਬਲਾਕ ਭੋਗਪੁਰ ਦੇ ਪਿੰਡ ਬੁੱਲ੍ਹੋਵਾਲ ਵਿਖੇ 22 ਏਕੜ ਪੰਚਾਇਤੀ ਜ਼ਮੀਨ ਤੋਂ ਨਾਜਾਇਜ਼ ਕਬਜਾ ਛੁਡਾਇਆ ਹੈ। ਇਹ ਜ਼ਮੀਨ ਸਾਬਕਾ ਡਿਪਟੀ ਕਮਿਸ਼ਨਰ ਨੇ 1987 ਤੋਂ ਆਪਣੇ ਕਬਜੇ ਹੇਠ ਲਈ ਹੋਈ ਸੀ, ਜਿਹੜੀ ਉਸ ਦੀ ਮੌਤ ਪਿੱਛੋਂ ਉਸ ਦਾ ਪਰਿਵਾਰ ਵਰਤ ਰਿਹਾ ਸੀ।

ਪੰਜਾਬ ਵਿੱਚ ਪੰਚਾਇਤੀ ਜ਼ਮੀਨਾਂ ਉੱਤੇ ਕੁੱਲ ਨਾਜਾਇਜ਼ ਕਬਜਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ 2010 ਵਿੱਚਬਣੀ ਰਿਪੋਰਟ ਅਨੁਸ-ਾਰ ਪੰਜਾਬਵਿੱਚ 50000 ਏਕੜ ਤੋਂ ਵੱਧ ਜ਼ਮੀਨ ਨਾਜਾਇਜ਼ ਕਬਜ਼ੇ ਹੇਠ ਹੈ। ਉਨ੍ਹਾਂ ਕਿਹਾ ਕਿ ਵਿਭਾਗ 2021 ਤੱਕ ਦਾ ਡਾਟਾ ਵੇਖ ਰਿਹਾ ਹੈ ਤਾਂ ਕਿ ਅਸਲ ਤੇ ਮੌਜੂਦਾ ਸਥਿਤੀ ਮਿਲ ਸਕੇ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਸੰਪਾਦਕੀ

## ਗਰਭਪਾਤ ਦਾ ਹੱਕ – ਵਿਚਾਰ ਚਰਚਾ ਜਾਂ ਪ੍ਰਤੀਕਾਤਮਕ ਚਰਚਾ

ਗਰਭਪਾਤ ਨੂੰ ਲੈ ਕੇ ਅੱਜ ਕੱਲ ਕੈਨੇਡਾ ਵਿੱਚ ਗਰਮਾ ਗਰਮ ਬਹਿਸ ਛਿੜੀ ਹੋਈ ਹੈ। ਇਸ ਚਰਚਾ ਦਾ ਮੁੱਢ 2 ਮਈ ਨੂੰ ਸਿਆਸੀ ਪੱਤਰਕਾਰੀ ਦੇ ਸ੍ਰੋਤ Politico ਵੱਲੋਂ ਕੀਤੇ ਗਏ ਇੱਕ ਖੁਲਾਸੇ ਨਾਲ ਹੋਇਆ ਹੈ। Politico ਨੇ ਅਮਰੀਕਾ ਦੀ ਸੁਪਰੀਮ ਕੋਰਟ ਦੇ ਜੱਜ Samuel Alito ਅਗਲੇ ਦਿਨਾਂ ਵਿਚ ਦਿੱਤੇ ਜਾਣ ਵਾਲੇ ਉਸ ਫੈਸਲੇ ਨੂੰ ਪਹਿਲਾਂ ਹੀ ਲੀਕ ਕਰ ਦਿੱਤਾ ਹੈ ਜਿਸ ਵਿੱਚ 1973 ਦੇ Roe v. Wade ਫੈਸਲੇ ਨੂੰ ਪਲਟ ਦੇਣ ਦੀ ਗੱਲ ਕੀਤੀ ਗਈ ਸੀ। Roe v. Wade ਫੈਸਲਾ ਨੋਰਮਾ ਮੈਕਕੋਰਵੀ ਨਾਮਕ ਔਰਤ ਬਾਰੇ ਸੀ ਜੋ 1969 ਵਿੱਚ ਟੈਕਸਸ ਸਟੇਟ ਵਿੱਚ ਗਰਭਪਾਤ ਕਰਵਾਉਣਾ ਚਾਹੁੰਦੀ ਸੀ। ਉਹਨਾਂ ਦਿਨਾਂ ਵਿੱਚ ਟੈਕਸਸ ਵਿੱਚ ਗਰਭਪਾਤ ਕਰਵਾਉਣਾ ਗੈਰਕਾਨੂੰਨੀ ਸੀ। ਇਸ ਫੈਸਲੇ ਵਿੱਚ ਸੁਪਰੀਮ ਕੋਰਟ ਨੇ 7-2 ਦੇ ਆਧਾਰ ਉੱਤੇ ਫੈਸਲਾ ਦਿੱਤਾ ਸੀ ਕਿ ਅਮਰੀਕੀ ਸੰਵਿਧਾਨ ਦੀ 14ਵੀਂ ਤਰਮੀਮ ਬਦੌਲਤ ਮਿਲਦੇ ਅਧਿਕਾਰ ਤਹਿਤ ਨੋਰਮਾ ਨੂੰ ਗਰਭਪਾਤ ਕਰਵਾਉਣ ਦਾ ਹੱਕ ਹੈ। ਇਸ ਫੈਸਲੇ ਤੋਂ ਬਾਅਦ ਅਮਰੀਕਾ ਦੇ ਜ਼ਿਆਦਾਤਰ ਸਟੇਟਾਂ ਵਿੱਚ ਗਰਭਪਾਤ ਨੂੰ ਇਜ਼ਾਜਤ ਦੇਣ ਦੇ ਕਾਨੂੰਨ ਪਾਸ ਹੋ ਗਏ ਸਨ।

ਸੁਆਲ ਹੈ ਕਿ ਅਮਰੀਕਾ ਵਿੱਚ ਹੋਏ ਇਸ ਫੈਸਲੇ ਨਾਲ ਕੈਨੇਡਾ ਵਿੱਚ ਐਨੀ ਗੰਭੀਰ ਚਰਚਾ ਨੇ ਕਿਉਂ ਜਨਮ ਲਿਆ ਹੈ? ਕੈਨੇਡਾ ਵਿੱਚ ਗਰਭਪਾਤ ਬਾਰੇ ਕਾਨੂੰਨ ਪਹਿਲਾਂ ਹੀ ਬਣ ਚੁੱਕੇ ਹਨ ਜਿਹਨਾਂ ਦੇ ਪਲਟਾਏ ਜਾਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਇਸ ਮੁੱਦੇ ਉੱਤੇ ਲਿਬਰਲ ਅਤੇ ਐਨ ਡੀ ਪੀ ਦੇ ਸਟੈਂਡ ਬਾਰੇ ਕਿਸੇ ਨੂੰ ਕੋਈ ਸ਼ੱਕ ਹੀ ਨਹੀਂ ਹੋਣਾ ਚਾਹੀਦਾ। ਕੰਜ਼ਰਵੇਟਿਵ ਪਾਰਟੀ ਦਾ ਪਿਛਲੇ ਸਾਲਾਂ ਵਿੱਚ ਇਹ ਸਟੈਂਡ ਰਿਹਾ ਹੈ ਕਿ ਗਰਭਪਾਤ ਕਰਵਾਉਣ ਦਾ ਔਰਤਾਂ ਦਾ ਹੱਕ ਸੁਰੱਖਿਅਤ ਹੈ ਅਤੇ ਇਸ ਉੱਤੇ ਚਰਚਾ ਕਰਨ ਦੀ ਲੋੜ ਨਹੀਂ। ਹਾਲਾਂਕਿ ਕੁੱਝ ਕੰਜ਼ਰਵੇਟਿਵ ਐਮ ਪੀ ਗਰਭਪਾਤ ਬਾਰੇ ਵੱਖਰੀ ਰਾਏ ਰੱਖਦੇ ਹਨ ਪਰ ਬਹੁ-ਗਿਣਤੀ ਔਰਤਾਂ ਦੇ ਗਰਭਪਾਤ ਕਰਵਾਉਣ ਦੇ ਹੱਕ ਨੂੰ ਸੁਰੱਖਿਅਤ ਰੱਖਣ ਬਾਰੇ ਕੋਈ ਦੋ ਰਾਵਾਂ ਨਹੀਂ ਰੱਖਦੇ। ਇਸਦੇ ਬਾਵਜੂਦ ਇਸ ਮੁੱਦੇ ਦਾ ਗਰਮ ਹੋਣਾ ਦੱਸਦਾ ਹੈ ਕਿ ਇਸਦਾ ਕਿੰਨਾ ਵੱਡਾ ਸਿਆਸੀ ਮੁੱਲ ਖੱਟਿਆ ਜਾ ਸਕਦਾ ਹੈ।

ਇਸ ਮੁੱਦੇ ਦੀ ਸਿਆਸੀ ਰੰਗਤ ਅਤੇ ਅਹਿਮੀਅਤ ਦੀ ਇੱਕ ਹੋਰ ਮਿਸਾਲ ਕੈਨੇਡੀਅਨ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸੀਨੋ ਦਾ ਬਿਆਨ ਹੈ। ਅਮਰੀਕਾ ਵਿੱਚ ਲੀਕ ਹੋਏ ਫੈਸਲੇ ਦੀ ਖ਼ਬਰ ਤੋਂ ਤੁਰੰਤ ਬਾਅਦ ਉਹਨਾਂ ਬਿਆਨ ਦੇ ਮਾਰਿਆ ਹੈ ਕਿ ਕੈਨੇਡਾ ਬਾਰਡਰ ਅਧਿਆਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਜਾਣਗੀਆਂ ਕਿ ਅਮਰੀਕਾ ਤੋਂ ਗਰਭਪਾਤ ਕਰਵਾਉਣ ਲਈ ਆਉਣ ਵਾਲੀਆਂ ਔਰਤਾਂ ਨੂੰ ਬਾਰਡਰ ਉੱਤੇ ਕੋਈ ਰੋਕ ਟੋਕ ਦਾ ਸਾਹਮਣਾ ਨਾ ਕਰਨਾ ਪਵੇ। ਸਰਸਰੀ ਵੇਖਿਆਂ ਮੈਂਡੀਸੀਨੋ ਦਾ ਬਿਆਨ ਬਹੁਤ ਹੀ ਸਮਾਂਯੁਕਤ ਅਤੇ ਸੰਵੇਦਨਸ਼ੀਲ ਗੱਲ ਜਾਪਦੀ ਹੈ। ਪਰ ਜੇ ਗਹਿਰਾਈ ਨਾਲ ਵੇਖਿਆ ਜਾਵੇ ਤਾਂ ਉਹਨਾਂ ਦਾ ਸਟੈਂਡ ਮਹਿਜ਼ ਇੱਕ ਬਿਆਨ ਤੋਂ ਵੱਧ ਕੁੱਝ ਨਹੀਂ। ਕੀ ਇਹ ਸੋਚਿਆ ਜਾ ਸਕਦਾ ਹੈ ਕਿ ਡੈਮੋਕਰੈਟਿਕ ਰਾਸ਼ਟਰਪਤੀ ਜੋਅ ਬਿਡੇਨ ਦੇ ਹੁੰਦੇ ਕਿਸੇ ਜੱਜ ਦੇ ਬੇਹੂਦਾ ਫੈਸਲੇ ਨੂੰ ਰਾਸ਼ਟਰਪਤੀ ਆਪਣੀਆਂ ਵਿਸ਼ੇਸ਼ ਤਾਕਤਾਂ ਨਾਲ ਰੱਦ ਨਹੀਂ ਕਰੇਗਾ? ਕੀ ਇਹ ਸੰਭਵ ਹੈ ਕਿ 21ਵੀਂ ਸਦੀ ਵਿੱਚ ਅਮਰੀਕਾ ਵਿੱਚ ਇਹ ਹਾਲਾਤ ਪੈਦਾ ਹੋਣ ਦਿੱਤੇ ਜਾਣਗੇ ਕਿ ਗਰਭਪਾਤ ਕਰਵਾਉਣਾ ਗੈਰਕਾਨੂੰਨੀ ਹੋ ਜਾਵੇਗਾ? ਜੇ ਇੱਕ ਮਿੰਟ ਲਈ ਮੰਨ ਲਿਆ ਜਾਵੇ ਕਿ ਇਹ ਸਾਰਾ ਕੁੱਝ ਸੰਭਵ ਹੈ ਤਾਂ ਕੀ ਮੰਤਰੀ ਸਾਹਿਬ ਨੇ ਇਸ ਸਾਰੀ ਪ੍ਰਕਿਰਿਆ ਲਈ ਲੋੜੀਂਦੀਆਂ ਸਹੂਲਤਾਂ ਅਤੇ ਖਰਚੇ ਬਾਰੇ ਸੋਚਿਆ ਹੈ? ਕੈਨੇਡਾ ਵਿੱਚ ਤਾਂ ਪਹਿਲਾਂ ਹੀ ਗਰਭਪਾਤ ਲਈ ਸਹੂਲਤਾਂ ਨੂੰ ਲੈ ਕੇ ਸੰਕਟ ਛਾਇਆ ਹੋਇਆ ਹੈ।

ਜੇ ਇਸ ਮੁੱਦੇ ਨੂੰ ਸਿਆਸੀ ਰੰਗਤ ਦੇਣ ਦੀ ਥਾਂ ਇੱਕ ਸਮਾਜਿਕ ਸਰੋਕਾਰ ਵੱਜੋਂ ਵੇਖਿਆ ਜਾਵੇ ਤਾਂ ਕਈ ਅਹਿਮ ਗੱਲਾਂ ਹਨ ਜਿਹੜੀਆਂ ਤੁਰੰਤ ਧਿਆਨ ਮੰਗਦੀਆਂ ਹਨ। ਸੱਭ ਤੋਂ ਅਹਿਮ ਹੈ ਕੈਨੇਡੀਅਨ ਔਰਤਾਂ ਲਈ ਉਹ ਸਹੂਲਤਾਂ ਮੁਹਈਆ ਕਰਨਾ ਜੋ ਗਰਭਪਾਤ ਦੇ ਹੱਕ ਨੂੰ ਅਮਲ ਵਿੱਚ ਲਿਆਉਣ ਲਈ ਲੋੜੀਂਦੀਆਂ ਹਨ। ਮਿਸਾਲ ਵਜੋਂ ਜੇ ਵਿੰਡਸਰ, ਉਂਟੇਰੀਓ ਦੀ ਵਾਸੀ ਕਿਸੇ ਔਰਤ ਨੇ ਸਿਹਤ ਜਾਂ ਨਿੱਜੀ ਕਾਰਣਾਂ ਕਰਕੇ ਅੱਜ ਗਰਭਪਾਤ ਕਰਵਾਉਣਾ ਹੋਵੇ ਤਾਂ ਉਸਨੂੰ ਇਹ ਸਹੂਲਤ ਵਿੰਡਸਰ ਵਿੱਚ ਨਹੀਂ ਸਗੋਂ ਇਸ ਵਾਸਤੇ ਘੱਟੋ ਘੱਟ ਢਾਈ ਘੰਟੇ ਦਾ ਸਫ਼ਰ ਕਰਨਾ ਪਵੇਗਾ। ਜੇ ਗੱਲ ਥੰਡਰਵੇਅ ਦੀ ਹੋਵੇ ਤਾਂ ਕਿਸੇ ਲੋੜਵੰਦ ਔਰਤ ਨੂੰ 6 ਘੰਟੇ ਦੀ ਦੂਰੀ ਝਾਗਣੀ ਹੋਵੇਗੀ। ਦੂਰ ਦੁਰਾਡੇ ਮੂਲਵਾਸੀ ਕਮਿਉਨਿਟੀਆਂ ਦਾ ਤਾਂ ਬੱਸ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ। Action Canada for Sexual Health and Rights ਅਨੁਸਾਰ ਅਲਬਰਟਾ, ਸਸਕੈਚਵਨ, ਮੈਨੀਟੋਬਾ ਅਤੇ ਉਂਟੇਰੀਓ ਵਿੱਚ ਗਰਭਪਾਤ ਕਰਵਾਉਣ ਦੀਆਂ ਸਹੂਲਤਾਂ ਸਿਰਫ਼ ਵੱਡੇ ਸ਼ਹਿਰਾਂ ਵਿੱਚ ਹਨ ਜਦੋਂ ਕਿ ਇਹਨਾਂ ਪ੍ਰੋਵਿੰਸਾਂ ਦੀ 40% ਵੱਸੋਂ ਦੂਰ ਦੁਰਾਡੇ ਦੀਆਂ ਕਮਿਊਨਿਟੀਆਂ ਵਿੱਚ ਵੱਸਦੀ ਹੈ। ਸੋ ਜੇ ਕੈਨੇਡੀਅਨ ਸਿਆਸਤਦਾਨਾਂ ਨੇ ਅਮਰੀਕਾ ਵਿੱਚ ਉੱਠੇ ਤੂਫਾਨ ਤੋਂ ਕੁੱਝ ਸਾਰਥਕ ਸਿੱਖਣਾ ਹੈ ਤਾਂ ਬੇਮਆਨੀ ਚੁੰਝ ਚਰਚਾ ਛੱਡ ਕੇ ਧਿਆਨ ਬਿਹਤਰ ਸਹੂਲਤਾਂ ਵੱਲ ਦੇਣਾ ਚਾਹੀਦਾ ਹੈ। ਆਖਰ ਨੂੰ ਗੱਲ ਅਮਲਾਂ ਉੱਤੇ ਨਿਪਟਣੀ ਹੈ ਨਾ ਕਿ ਬਿਆਨਬਾਜ਼ੀ ਨਾਲ।

# ਪੁਲਿਸ ਨੇ ਕੀਤੀ ਪੁਸ਼ਟੀ, ਕੂੜੇਦਾਨ ਵਿੱਚੋਂ ਮਿਲੀ ਲਾਸ਼ ਬੱਚੀ ਦੀ ਸੀ

...ਪੰਨਾ 1 ਦਾ ਬਾਕੀ

ਜਾਂਚਕਾਰਾਂ ਦਾ ਮੰਨਣਾ ਹੈ ਕਿ ਬੱਚੀ ਦੀ ਮੌਤ ਪਿਛਲੀਆਂ ਗਰਮੀਆਂ ਜਾਂ ਉਸ ਤੋਂ ਵੀ ਪਹਿਲਾਂ ਕਦੇ ਹੋਈ ਹੋਵੇਗੀ।

ਬੱਚੀ ਬਲੈਕ, ਅਫਰੀਕੀ ਜਾਂ ਮਿਕਸਡ ਅਫਰੀਕੀ ਮੂਲ ਦੀ ਹੈ, ਉਸ ਦਾ ਕੱਦ ਤਿੰਨ ਫੁੱਟ ਛੇ ਇੰਚ ਹੈ ਤੇ ਉਹ ਪਤਲੀ ਹੈ। ਉਸ ਦੇ ਕਾਲੇ ਘੁੰਗਰਾਲੇ ਵਾਲਾਂ ਦੀਆਂ ਚਾਰ ਪੋਨੀਟੇਲ ਬਣੀਆਂ ਹੋਈਆਂ ਹਨ ਤੇ ਜਿਨ੍ਹਾਂ ਵਿੱਚੋਂ ਦੋ ਨੂੰ ਕਾਲੇ ਤੇ ਨੀਲੇ ਬੈਂਡਜ਼ ਨਾਲ ਗੁੰਦਿਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਉਸ ਦੇ ਸਾਰੇ ਦੰਦ ਪੂਰੇ ਹਨ ਤੇ ਉਸ ਨੂੰ ਕਰੋਸ਼ੀਏ ਨਾਲ ਬੁਣੇ ਕੰਬਲ ਵਿੱਚ ਲਪੇਟ ਕੇ ਇੱਕ ਪਲਾ-ਸਟਿਕ ਦੇ ਬੈਗ ਵਿੱਚ ਪਾਇਆ ਗਿਆ ਸੀ। ਫਿਰ ਉਸ ਬੈਗ ਨੂੰ ਰੰਗਦਾਰ ਕੰਬਲ ਵਿੱਚ ਲਪੇਟਿਆ ਹੋਇਆ ਸੀ।

ਜਾਂਚਕਾਰਾਂ ਨੇ ਬੁੱਧਵਾਰ ਨੂੰ ਪੋਸਟਮਾਰਟਮ ਪੂਰਾ ਕਰ ਲਿਆ ਹੈ ਪਰ ਅਜੇ ਵੀ ਮੌਤ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੋਮੀਸਾਈਡ ਯੂਨਿਟ ਦੇ ਸ਼ਾਮਲ ਹੋਣ ਦੇ ਬਾਵਜੂਦ ਪੁਲਿਸ ਵੱਲੋਂ ਅਜੇ ਵੀ ਇਸ ਮੌਤ ਨੂੰ ਕਤਲ ਦਾ ਨਾਂ ਨਹੀਂ ਦਿੱਤਾ ਗਿਆ ਹੈ। ਇਡਸਿੰਗਾ ਨੇ ਆਖਿਆ ਕਿ ਸਾਡੀ ਮੁੱਖ ਤਰਜੀਹ ਲੜਕੀ ਦੀ ਸ਼ਨਾਖ਼ਤ ਕਰਨਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh<br>Komal Matharu |
| **Photographer** | Kanwaljit Singh Kanwal |
| **Distributer**<br>**Marketing:** | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਗੈਰ ਰਸਮੀ ਬਹਿਸ ਵਿਚ ਕੰਜ਼ਰਵੇਟਿਵਾਂ ਨੇ ਇਕ ਦੂਜੇ ਦੇ ਸਿਆਸੀ ਰਿਕਾਰਡ 'ਤੇ ਜੰਮ ਕੇ ਕੀਤੇ ਵਾਰ

...ਪੰਨਾ 1 ਦਾ ਬਾਕੀ

ਇਸ ਉੱਤੇ ਪੌਲੀਐਵਰ ਨੇ ਆਖਿਆ ਕਿ ਚਾਰੈਸਟ ਨੇ ਕਈ ਹੋਰ ਟੈਕਸਾਂ ਵਿੱਚ ਵਾਧਾ ਕੀਤਾ, ਜਿਨ੍ਹਾਂ ਵਿੱਚ ਗੈਸ ਟੈਕਸ ਤੇ ਸੇਲਜ਼ ਟੈਕਸ ਮੁੱਖ ਹਨ। ਉਨ੍ਹਾਂ ਆਖਿਆ ਕਿ ਪ੍ਰੀਮੀਅਰ ਰਹਿੰਦਿਆਂ ਚਾਰੈਸਟ ਨੇ ਕਿਊਬਿਕ ਨੂੰ ਕਰਜ਼ਈ ਕਰ ਦਿੱਤਾ। ਇੱਕ ਵਾਰੀ ਤਾਂ ਪੌਲੀਐਵਰ ਨੇ ਚਾਰੈਸਟ ਨੂੰ ਅਤੀਤ ਵਿੱਚ ਚੀਨ ਦੀ ਟੈਲੀਕੌਮ ਕੰਪਨੀ ਹੁਆਵੇ ਨਾਲ ਕੀਤੇ ਕੰਮ ਲਈ ਵੀ ਵਾਰੀ ਵਾਰੀ ਸਵਾਲ ਕੀਤੇ। ਉਨ੍ਹਾਂ ਆਖਿਆ ਕਿ ਇਸ ਕੰਪਨੀ ਨਾਲ ਕੰਮ ਕਰਦਿਆਂ ਹੋਇਆਂ ਚਾਰੈਸਟ ਨੂੰ ਕਿੰਨੇ ਪੈਸੇ ਮਿਲੇ ਇਸ ਬਾਰੇ ਉਨ੍ਹਾਂ ਸਾਨੂੰ ਕਦੇ ਨਹੀਂ ਦੱਸਿਆ। ਪੌਲੀਐਵਰ ਨੇ ਆਖਿਆ ਕਿ ਇਹ ਉਹੀ ਕੰਪਨੀ ਹੈ ਜਿਸ ਦੇ ਸਾਫਟਵੇਅਰ ਤੇ ਹਾਰਡਵੇਅਰ ਉੱਤੇ ਫਾਈਵ ਆਈਜ਼ ਦੇਸ਼ਾਂ ਵਿੱਚੋਂ ਚਾਰ ਨੇ ਪਾਬੰਦੀ ਲਾਈ ਹੋਈ ਹੈ। ਉਨ੍ਹਾਂ ਆਖਿਆ ਕਿ ਕਈ ਮਾਮਲਿਆਂ ਵਿੱਚ ਇਹ ਦੋਸ਼ ਹਨ ਕਿ ਆਪਣੇ ਨੈੱਟਵਰਕ ਰਾਹੀਂ ਇਹ ਕੰਪਨੀ ਹੋਰਨਾਂ ਦੇਸ਼ਾਂ ਵਿੱਚ ਜਾਸੂਸੀ ਕਰਦੀ ਹੈ।

ਇਸ ਬਹਿਸ ਦਾ ਆਯੋਜਨ ਕੈਨੇਡਾ ਸਟਰਾਂਗ ਐਂਡ ਫਰੀ ਨੈੱਟਵਰਕ ਪੁਲਿਟੀਕਲ ਐਡਵੋਕੇਸੀ ਗਰੁੱਪ ਵੱਲੋਂ ਕੀਤਾ ਗਿਆ ਸੀ। ਇਸ ਦੌਰਾਨ ਟਰੱਕਰਜ਼ ਦੇ ਕੌਨਵੌਏ ਮੁਜ਼ਾਹਰਿਆਂ, ਕੋਵਿਡ-19 ਵੈਕਸੀਨ ਤੇ ਮਾਸਕ ਸਬੰਧੀ ਨਿਯਮਾਂ ਉੱਤੇ ਵੀ ਬਹਿਸ ਕੀਤੀ ਗਈ।

# 'ਪ੍ਰਿੰਸੈੱਸ ਮਾਰਗਰੇਟ ਕੈਂਸਰ ਰੀਸਰਚ ਫ਼ਾਊਂਡੇਸ਼ਨ' ਦੀ ਸਹਾਇਤਾ ਲਈ ਟੋਰਾਂਟੋ ਵਿਖੇ ਕੀਤੀ ਗਈ ਮੈਰਾਥਨ ਆਯੋਜਿਤ

## ਟੀ.ਪੀ.ਏ.ਆਰ. ਕਲੱਬ ਦੇ ਮੈਂਬਰ ਧਿਆਨ ਸਿੰਘ ਸੋਹਲ, ਕੁਲਦੀਪ ਗਰੇਵਾਲ ਤੇ ਹਰਜੀਤ ਸਿੰਘ ਹੋਏ ਸ਼ਾਮਲ

## * 60 ਦੇਸ਼ਾਂ ਤੋਂ 12,500 ਦੌੜਾਕਾਂ ਨੇ ਹਿੱਸਾ ਲਿਆ ਤੇ 7.5 ਮਿਲੀਅਨ ਡਾਲਰ ਫ਼ੰਡ ਇਕੱਤਰ ਹੋਇਆ

ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 1 ਮਈ ਨੂੰ ਟੋਰਾਂਟੋ ਡਾਊਨ ਟਾਊਨ ਵਿਚ ਮੈਰਾਥਨ ਦੌੜ ਦਾ ਸਫ਼ਲ ਆਯੋਜਨ ਕੀਤਾ ਗਿਆ ਜਿਸ ਵਿਚ 60 ਵੱਖ-ਵੱਖ ਦੇਸ਼ਾਂ ਤੋਂ 12,500 ਦੌੜਾਕਾਂ ਨੇ ਬੜੇ ਉਤਸ਼ਾਹ ਅਤੇ ਜੋਸ਼ ਨਾਲ ਹਿੱਸਾ ਲਿਆ। ਬਰੈਂਪਟਨ ਵਿਚ ਪਿਛਲੇ 10 ਸਾਲਾਂ ਤੋਂ ਸਰਗ਼ਰਮ ਟੀ.ਪੀ.ਏ.ਆਰ. ਕਲੱਬ ਦੇ ਮੈਂਬਰ ਧਿਆਨ ਸਿੰਘ ਸੋਹਲ, ਕੁਲਦੀਪ ਸਿੰਘ ਗਰੇਵਾਲ ਅਤੇ ਹਰਜੀਤ ਸਿੰਘ ਨੇ ਵੀ ਇਸ ਮਹਾਨ ਈਵੈਂਟ ਵਿਚ ਸਫ਼ਲਤਾ ਪੂਰਵਕ ਸ਼ਮੂਲੀਅਤ ਕੀਤੀ। ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਲਈ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ ਐੱਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ' ਦੇ ਸੰਚਾਲਕ ਨਰਿੰਦਰਪਾਲ ਬੈਂਸ ਉਚੇਚੇ ਤੌਰ 'ਤੇ ਉਨ੍ਹਾਂ ਨਾਲ ਗਏ ਅਤੇ ਉਹ ਕੁਝ ਕਿਲੋਮੀਟਰ ਉਨ੍ਹਾਂ ਦੇ ਨਾਲ ਵੀ ਦੌੜੇ। ਇਸ ਈਵੈਂਟ ਵਿਚ 'ਪ੍ਰਿੰਸੈੱਸ ਮਾਰ-ਗਰੇਟ ਕੈਂਸਰ ਰੀਸਰਚ ਫ਼ਾਊਂਡੇਸ਼ਨ' ਦੀ ਸਹਾਇਤਾ ਲਈ 7.5 ਮਿਲੀਅਨ ਦਾ ਫ਼ੰਡ ਇਕੱਤਰ ਹੋਇਆ ਜੋ ਆਪਣੇ ਆਪ ਵਿਚ ਇਕ ਰੀਕਾਰਡ ਹੈ।



ਟੋਰਾਂਟੋ ਦੇ ਨੌਰਥ ਯੌਰਕ ਰੀਜਨ ਦੇ ਯੰਗ ਤੇ ਸ਼ੈੱਪ੍ਰਡ ਇੰਟਰਸੈੱਕਸ਼ਨ ਤੋਂ ਸਵੇਰੇ 7.30 ਵਜੇ ਬਣਾਏ ਗਏ ਸਟਾਰਟਿੰਗ ਪਵਾਂਇੰਟ ਤੋਂ ਮੈਰਾਥਨ ਦੌੜਾਕਾਂ ਨੂੰ ਪ੍ਰਬੰਧਕਾਂ ਵੱਲੋਂ ਪੂਰੀ ਸ਼ਾਨੋ-ਸ਼ੌਕਤ ਨਾਲ ਰਵਾਨਾ ਕੀਤਾ ਗਿਆ ਅਤੇ ਉਹ ਸੀ.ਐੱਨ. ਟਾਵਰ ਦੇ ਨੇੜਿਉਂ ਲੰਘਦੇ, ਗਾਰਡੀਨਰ ਐਕਸਪ੍ਰੈੱਸ ਵੇਅ ਨੂੰ ਪਾਰ ਕਰਕੇ ਲੇਕਸ਼ੋਰ ਦੇ ਖੱਬੇ ਕੰਢੇ 42 ਕਿਲੋਮੀਟਰ ਲੰਮਾ ਪੈਂਡਾ ਤੈਅ ਕਰਦੇ ਹੋਏ ਸੀ.ਐੱਨ.ਈ. ਗਰਾਊਂਡ ਵਿਚ ਬਣਾਈ ਗਈ 'ਫਿਨਿਸ਼-ਲਾਈਨ' 'ਤੇ ਪਹੁੰਚੇ। ਹਾਫ਼-ਮੈਰਾਥਨ ਲਈ ਰੂਟ ਇਸ ਦੇ ਨਾਲ ਕੁਝ ਸਾਂਝਾਂ ਤੇ ਕੁਝ ਵੱਖਰਾ ਸੀ ਅਤੇ ਉਹ ਸ਼ੁਰੂ ਵੀ ਸਵੇਰੇ 8.30 ਵਜੇ ਕੀਤੀ ਗਈ। ਮੀਂਹ-ਕਣੀ ਵਾਲੇ ਮੌਸਮ ਦੇ ਬਾਵਜੂਦ ਮੈਰਾਥਨ ਰੂਟ ਦੇ ਦੋਹੀਂ ਪਾਸੀਂ ਦੌੜਾਕਾਂ ਦੀ ਹੱਲਾਸ਼ੇਰੀ ਲਈ ਵੱਡੀ ਗਿਣਤੀ ਵਿਚ ਲੋਕ ਖੜੇ ਸਨ ਅਤੇ ਉਹ ਉੱਚੀ-ਉੱਚੀ ਆਵਾਜ਼ਾਂ ਵਿਚ ਉਤਸ਼ਾਹਿਤ ਨਾਅਰੇ ਲਗਾ ਕੇ ਦੌੜਾਕਾਂ ਦੀ ਹੌਸਲਾ-ਅਫ਼ਜ਼ਾਈ ਕਰ ਰਹੇ ਸਨ। ਇਨ੍ਹਾਂ ਵਿਚ ਬਹੁਤ ਸਾਰੇ ਵਾਲੰਟੀਅਰ ਵੀ ਸ਼ਾਮਲ ਸਨ।



42 ਕਿਲੋਮੀਟਰ ਲੰਮੀ ਇਸ ਮੈਰਾਥਨ ਵਿਚ ਸੱਭ ਤੋਂ ਤੇਜ਼ ਦੌੜਾਕ ਡੈਨਿਸ ਮਬੇਲੈਂਜ਼ੀ 2 ਘੰਟੇ 29 ਮਿੰਟ 58 ਸਕਿੰਟਾਂ ਦੇ ਸਮੇਂ ਨਾਲ ਪਹਿਲੇ ਨੰਬਰ 'ਤੇ ਆਇਆ, ਜਦਕਿ ਨਿੱਕ ਕਰੋਕਰ 2 ਘੰਟੇ 30 ਮਿੰਟ 52 ਸਕਿੰਟਾਂ ਨਾਲ ਦੂਸਰੇ ਨੰਬਰ 'ਤੇ ਰਿਹਾ। ਮਹਿਲਾਵਾਂ ਵਿਚ ਮੈਰੀਏਜ ਹੋਗਨ 2 ਘੰਟੇ 47 ਮਿੰਟ 59 ਸਕਿੰਟ ਅਤੇ ਹੈੱਲਥਰ ਓ. ਡੋਨਲ 2 ਘੰਟੇ 49 ਮਿੰਟ ਤੇ 2 ਸਕਿੰਟ ਦੇ ਸਮੇਂ ਨਾਲ ਪਹਿਲੇ ਤੇ ਦੂਸਰੇ ਨੰਬਰ 'ਤੇ ਆਈਆਂ। ਟੀ.ਪੀ.ਏ.ਆਰ. ਕਲੱਬ ਦੇ ਦੌੜਾਕ ਧਿਆਨ ਸਿੰਘ ਸੋਹਲ ਨੇ ਇਹ ਦੌੜ 4 ਘੰਟੇ 33 ਮਿੰਟ 54 ਸਕਿੰਟਾਂ ਵਿਚ ਸੰਪੰਨ ਕੀਤੀ, ਜਦਕਿ ਕੁਲਦੀਪ ਗਰੇਵਾਲ ਨੇ ਇਸ ਨੂੰ ਦੌੜਨ ਲਈ 5 ਘੰਟੇ 35 ਮਿੰਟ 10 ਸਕਿੰਟ ਅਤੇ ਹਰਜੀਤ ਸਿੰਘ ਨੇ 5 ਘੰਟੇ 35 ਮਿੰਟ 12 ਸਕਿੰਟ ਦਾ ਸਮਾਂ ਲਿਆ। ਏਸੇ ਤਰ੍ਹਾਂ ਬਰੈਂਪਟਨ ਦੇ ਇਕ ਹੋਰ ਦੌੜਾਕ ਲਖਵਿੰਦਰ ਸਿੰਘ ਨੇ ਇਹ 5 ਘੰਟੇ 35 ਮਿੰਟ 10 ਸਿਕਿੰਟ ਵਿਚ ਪੂਰੀ ਕੀਤੀ। ਇਸ ਮੈਰਾਥਨ ਦੇ ਕਈ ਹੋਰ ਵੀ ਦਿਲਚਸਪ ਪਹਿਲੂ ਸਨ, ਜਿਵੇਂ ਇਕ ਮੈਕਸੀਕਨ ਦੌੜਾਕ ਇਸ ਦੌੜ ਵਿਚ ਵੀਲ੍ਹ-ਚੇਅਰ 'ਤੇ ਪੂਰੀ ਮੈਰਾਥਨ ਦੌੜਿਆ ਅਤੇ ਉਹ ਬਹੁਤ ਸਾਰੇ ਦੌੜਾਕਾਂ ਨਾਲੋਂ ਕਾਫ਼ੀ ਅੱਗੇ ਜਾ ਰਿਹਾ ਸੀ। ਇੰਜ ਹੀ ਇਕ ਜੋੜੇ ਦਾ ਪੁਰਸ਼ ਮੈਂਬਰ ਆਪਣੀ ਜੀਵਨ ਸਾਥਣ ਨੂੰ ਵੀਲ੍ਹ-ਚੇਅਰ 'ਤੇ ਬੈਠਾ ਕੇ ਵੀਲ੍ਹ-ਚੇਅਰ ਨੂੰ ਧਕੇਲਦਿਆਂ ਹੋਇਆ ਇਹ ਦੌੜ ਸਫ਼ਲਤਾ ਪੂਰਵਕ ਪੂਰੀ ਕੀਤੀ। ਇਕ ਨੌਜੁਆਨ ਰਿਸ਼ੀ ਕੌਸ਼ਲ ਨੇ ਹਾਫ਼-ਮੈਰਾਥਨ ਇਕ ਘੰਟਾ 47 ਮਿੰਟਾਂ ਵਿਚ ਸੰਪੰਨ ਕੀਤੀ। ਇਸ ਈਵੈਂਟ ਵਿਚ ਭਾਗ ਲੈਣ ਵਾਲੇ ਸਾਰੇ ਦੌੜਾਕ ਤੇ ਵੱਕਰ ਵਧਾਈ ਦੇ ਹੱਕਦਾਰ ਹਨ, ਕਿਉਂਕਿ ਅਜਿਹੇ ਈਵੈਂਟਾਂ ਵਿਚ ਇਸ ਤਰ੍ਹਾਂ ਦੀਆਂ ਉਦਾਹਰਣਾਂ ਸਾਹਮਣੇ ਆਉਣ ਨਾਲ ਹੋਰਨਾਂ ਨੂੰ ਬਹੁਤ ਉਤਸ਼ਾਹ ਮਿਲਦਾ ਹੈ ਅਤੇ ਉਹ ਅੱਗੋਂ ਹੋਣ ਵਾਲੇ ਈਵੈਂਟਾਂ ਵਿਚ ਸ਼ਾਮਲ ਹੋਣ ਲਈ ਤਿਆਰੀਆਂ ਆਰੰਭ ਕਰ ਦਿੰਦੇ ਹਨ।



# ਪੰਜਾਬ ਦੇ ਬੱਜਟ ਲਈ ਆਮ ਲੋਕਾਂ ਦੀ ਰਾਏ ਮੰਗਣ ਨੂੰ ਰਾਜਾ ਵੜਿੰਗ ਨੇ ਨਾਲਾਇਕੀ ਦੱਸਿਆ

## * ਲੋਕਾਂ ਨੇ ਬੱਜਟ ਬਣਾਉਣੈ ਤਾਂ ਸਰਕਾਰ ਕਿਸ ਲਈ ਹੈ: ਵੜਿੰਗ

ਚੰਡੀਗੜ੍ਹ, 5 ਮਈ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਇਸ ਦਾਅਵੇ ਕਿ ਪੰਜਾਬ ਦੇ ਲੋਕ ਆਪਣਾ ਬੱਜਟ ਬਣਾਉਣਗੇ, ਬਾਰੇ ਬੱਜਟ ਬਣਾਉਣ ਦੇ ਸੰਬੰਧ ਵਿੱਚ ਮੁੱਖ ਮੰਤਰੀ ਦੀ ਅਗਿਆਨਤਾ ਦਾ ਮਜ਼ਾਕ ਉਡਾਇਆ ਹੈ।

ਏਥੇ ਜਾਰੀ ਕੀਤੇਇੱਕ ਬਿਆਨ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਇਸ ਤੋਂ ਸਰਕਾਰ ਦੀ ਬੱਜਟਬਣਾਉਣ ਦੀ ਪ੍ਰਕਿਰਿਆ ਬਾਰੇਸੂਝ ਤੇ ਵਿਚਾਰਕ ਦਿਵਾਲੀਏਪਣ ਦਾ ਪਤਾ ਲੱਗਾ ਹੈ।ਉਨ੍ਹਾਂ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਸਰਕਾਰ ਚਲਾਉਣ ਦੀ ਸੱਤਾ ਲੋਕਾਂ ਨੇਤੁਹਾਨੂੰ ਸੌਂਪੀ ਹੈ ਤੇ ਬੱਜਟ ਸਰਕਾਰੀ ਫਰਜ਼ਾਂਵਿੱਚੋਂ ਇੱਕ ਹੈ,ਤੁਸੀਂ ਗੈਰ ਸੰਵਿਧਾਨਿਕ ਨੋਟੰਕੀਆਂ ਦੀ ਡਰਾਮੇਬਾਜ਼ੀ ਬੰਦ ਕਰੋ। ਰਾਜਾ ਵੜਿੰਗ ਨੇ ਕਿਹਾ ਕਿ ਲੋਕਨਹੀਂ ਜਾਣਦੇ ਕਿ ਬੱਜਟ ਬਾਰੇ ਸਰਕਾਰ ਜਾਂ ਮੁੱਖ ਮੰਤਰੀ ਬਾਰੇ ਕੀ ਸੋਚਦੇ ਹਨ, ਪਰ ਉਨ੍ਹਾਂ ਨੂੰ ਕੋਈ ਦੱਸੇ ਕਿ ਇਸਦਾ ਅਰਥ ਦੁਕਾਨ ਤੋਂ ਰਾਸ਼ਨ ਖਰੀਦਣਾ ਨਹੀਂ, ਜਿਹੜੇ ਲੋਕਾਂ ਦੀ ਵਾਹ-ਵਾਹ ਖੱਟਣ ਵਾਸਤੇ ਇਸ ਨੂੰ ਮਹੱਤਵਹੀਣ ਬਣਾ ਰਹੇ ਹਨ।

ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਬੱਜਟ ਦੀ ਤਿਆਰੀ ਤੇ ਉਸਨੂੰ ਪੇਸ਼ ਕਰਨਾ ਭਾਰਤੀ ਸੰਵਿਧਾਨ ਦੀ ਧਾਰਾ 202 ਹੇਠ ਸੰਵਿਧਾਨਕ ਜ਼ਿੰਮੇਵਾਰੀ ਹੈ, ਜਿਸ ਦਾ ਸਾਫਜ਼ਿਕਰਬਾਬਾ ਸਾਹਿਬ ਅੰਬੇਡਕਰ ਦੇ ਸੰਵਿਧਾਨ ਵਿੱਚ ਕੀਤਾ ਗਿਆ ਹੈ, ਜਿਨ੍ਹਾਂ ਬਾਬਾ ਸਾਹਿਬ ਦਾ ਤੁਸੀਂ ਆਪਣੇ ਲਾਭ ਲਈ ਵਾਰ-ਵਾਰ ਜ਼ਿਕਰ ਕਰਦੇ ਹੋ, ਉਨ੍ਹਾਂ ਨੇ ਕਦੀ ਨਹੀਂ ਕਿਹਾ ਕਿ ਤੁਸੀਂ ਬੱਜਟ ਬਣਾਉਣ ਲਈ ਲੋਕਾਂਕੋਲ ਜਾਓ।ਰਾਜਾ ਵੜਿੰਗ ਨੇ ਕਿਹਾ:'ਤੁਸੀਂ ਇਸ ਕੰਮ ਨੂੰ ਮਾਹਿਰਾਂ ਕੋਲ ਰਹਿਣ ਦਿਓ, ਜਿਨ੍ਹਾਂ ਤੋਂ ਆਸ ਕੀਤੀ ਜਾਂਦੀ ਹੈ। ਸਰਕਾਰ ਚੁਣਨ ਨਾਲ ਲੋਕਾਂ ਦੀ ਜ਼ਿੰਮੇਵਾਰੀ ਖ਼ਤਮ ਅਤੇਬੱਜਟਬਣਾਉਣ ਵਾਸਤੇ ਮਾਹਿਰਾਂ ਦੀ ਸਲਾਹ ਲੈਣੀ ਹੁੰਦੀ ਹੈ। ਜੇ ਲੋਕਾਂ ਨੇ ਬੱਜਟ ਬਣਾਉਣਾ ਹੈ ਤਾਂ ਸਰਕਾਰ ਕਾਹਦੇ ਲਈ ਹੈ।'ਉਨ੍ਹਾ ਕਿਹਾ ਕਿ ਇਹ ਆਮ ਆਦਮੀ ਪਾਰਟੀ ਦੀ ਸਰਕਾਰ ਦਾਇੱਕ ਸਟੰਟ ਹੈ, ਜਿਹੜਾ ਅਸਲ ਵਿੱਚਲਾਭ ਨਹੀਂ ਦਿੰਦਾ। ਸਾਲ 2015 ਵਿੱਚਦਿੱਲੀ ਵਿੱਚ ਕੇਜਰੀਵਾਲ ਨੇ ਵੀ ਇਹੋ ਕੀਤਾ ਤਾਂ ਉਥੇ ਉਸਨੂੰ ਲੋਕਾਂ ਨੇਇਸ ਨੂੰ ਰੱਦ ਕਰ ਦਿੱਤਾ ਸੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com


CANADIAN
GLASS AND WINDOW

# ਕਣਕ ਦੇ ਨਾੜ ਦੀ ਅੱਗ ਦੀ ਲਪੇਟ ਵਿੱਚ ਸਕੂਲ ਬੱਸ ਆਈ, ਸੱਤ ਬੱਚੇ ਝੁਲਸੇ

ਬਟਾਲਾ, 5 ਮਈ (ਪੋਸਟ ਬਿਊਰੋ)- ਨਵਾਂ ਪਿੰਡ ਬਰਕੀਵਾਲ ਵਿੱਚ ਇੱਕ ਨਿੱਜੀ ਸਕੂਲ ਦੀ ਬੱਸ ਕਣਕ ਦੇ ਨਾੜ ਨੂੰ ਲੱਗੀ ਅੱਗ ਦੀ ਲਪੇਟ ਵਿੱਚ ਆ ਜਾਣ ਕਾਰਨ ਸੱਤ ਬੱਚੇ ਝੁਲਸ ਗਏ, ਜਿਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਹੈ। ਪੁਲਸ ਨੇ ਬੱਸ ਚਾਲਕ ਜਗਤਪ੍ਰੀਤ ਸਿੰਘ ਪਿੰਡ ਬਿਜਲੀਵਾਲ ਅਤੇ ਅਣਪਛਾਤੇ ਕਿਸਾਨ ਖਿਲਾਫ ਕੇਸ ਦਰਜ ਕਰ ਲਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਅੱਗ ਤੇ ਧੂੰਏਂ ਕਾਰਨ ਬੱਸ ਦੇ ਡਰਾਈਵਰ ਨੂੰ ਕੁਝ ਦਿਖਾਈ ਨਾ ਦਿੱਤਾ ਅਤੇ ਸੰਤੁਲਨ ਵਿਗੜਨ ਕਰ ਕੇ ਬੱਸ ਖੇਤਾਂ ਵਿੱਚ ਪਲਟ ਜਾਣ ਪਿੱਛੋਂ ਅੱਗ ਲੱਗ ਗਈ। ਹਾਦਸੇ ਮੌਕੇ ਬੱਸ ਵਿੱਚ 32 ਬੱਚੇ ਸਵਾਰ ਸਨ ਤੇ ਡਰਾਈਵਰ ਅਤੇ ਆਲੇ ਦੁਆਲੇ ਦੇ ਲੋਕਾਂ ਨੇ ਬੱਚਿਆਂ ਨੂੰ ਬੜੀ ਮੁਸ਼ਕਲ ਨਾਲ ਬੱਸ ਵਿੱਚੋਂ ਕੱਢਿਆ, ਫਿਰ ਵੀ ਸੱਤ ਬੱਚੇ ਝੁਲਸ ਗਏ। ਜ਼ਿਆਦਾ ਝੁਲਸੇ ਬੱਚਿਆਂ ਵਿੱਚ ਗੁਰਪ੍ਰਤਾਪ ਸਿੰਘ (8) ਪਿੰਡ ਬਰਕੀਵਾਲ, ਸਹਿਜਪ੍ਰੀਤ ਕੌਰ (8) ਪਿੰਡ ਧਵਾਣ, ਗੁਰਪਾਲ ਸਿੰਘ ਧਵਾਣ ਸ਼ਾਮਲ ਹਨ। ਸ੍ਰੀ ਗੁਰੂ ਹਰਿ ਰਾਏ ਪਬਲਿਕ ਸਕੂਲ ਕਿਲ੍ਹਾ ਲਾਲ ਸਿੰਘ ਦੀ ਬੱਸ ਵਿੱਚ 32 ਬੱਚੇ ਸਨ, ਜਿਸ ਦਾ ਡਰਾਈਵਰ ਜਗਪ੍ਰੀਤ ਸਿੰਘ ਕੱਲ੍ਹ ਬਾਅਦ ਦੁਪਹਿਰ ਛੁੱਟੀ ਹੋਣ ਉਤੇ ਬੱਚਿਆਂ ਨੂੰ ਸਕੂਲ ਤੋਂ ਘਰ ਛੱਡਣ ਜਾ ਰਿਹਾ ਸੀ। ਜਦੋਂ ਬੱਸ ਨਵਾਂ ਪਿੰਡ ਬਰਕੀਵਾਲ ਨੇੜੇ ਪਹੁੰਚੀ ਤਾਂ ਕਿਸਾਨਾਂ ਵੱਲੋਂ ਨਾੜ ਨੂੰ ਲਾਈ ਅੱਗ ਦੇ ਧੂੰਏਂ ਵਿੱਚ ਕੁਝ ਦਿਖਾਈ ਨਾ ਦੇਣ ਕਾਰਨ ਡਰਾਈਵਰ ਸੰਤੁਲਨ ਗੁਆ ਬੈਠਾ। ਬੱਸ ਖੇਤਾਂ ਵਿੱਚ ਪਲਟ ਗਈ ਅਤੇ ਅੱਗ ਨੇ ਬੱਸ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਹਾਦਸੇ ਵਿੱਚ ਬੱਸ ਵੀ ਸੜ ਕੇ ਸੁਆਹ ਹੋ ਗਈ। ਥਾਣਾ ਕਿਲ੍ਹਾ ਲਾਲ ਸਿੰਘ ਦੀ ਪੁਲਸ ਅਤੇ ਬਟਾਲਾ ਤੋਂ ਫਾਇਰ ਬ੍ਰਿਗੇਡ ਮੌਕੇ ਉੱਤੇ ਪਹੁੰਚੀ, ਜਿਨ੍ਹਾਂ ਕਾਫੀ ਮਸ਼ੱਕਤ ਤੋਂ ਬਾਅਦ ਪਿੰਡ ਵਾਸੀਆਂ ਦੀ ਮਦਦ ਨਾਲ ਅੱਗ ਉੱਤੇ ਕਾਬੂ ਪਾਇਆ। ਜਗਪ੍ਰੀਤ ਸਿੰਘ ਨੇ ਦੱਸਿਆ ਕਿ ਪਹਿਲਾਂ ਧੂੰਆਂ ਘੱਟ ਸੀ, ਜਦੋਂ ਉਹ ਅੱਗ ਵਾਲੇ ਖੇਤਾਂ ਕੋਲੋਂ ਲੰਘਣ ਲੱਗੇ ਤਾਂ ਇਕਦਮ ਤੇਜ਼ ਹਵਾ ਕਾਰਨ ਧੂੰਆਂ ਵੱਧ ਹੋ ਗਿਆ ਅਤੇ ਉਸ ਨੂੰ ਕੁਝ ਦਿਖਾਈ ਨਾ ਦਿੱਤਾ ਅਤੇ ਬੱਚਿਆਂ ਨੇ ਵੀ ਰੌਲਾ ਪਾ ਦਿੱਤਾ ਤੇ ਬੱਸ ਬੇਕਾਬੂ ਹੋ ਕੇ ਖੇਤਾਂ ਵਿੱਚ ਪਲਟ ਗਈ, ਪਰ ਉਹ ਹਿੰਮਤ ਕਰ ਕੇ ਸ਼ੀਸ਼ੇ ਤੋੜ ਕੇ ਪਹਿਲਾਂ ਆਪ ਨਿਕਲਿਆ ਅਤੇ ਫਿਰ ਬੱਚਿਆਂ ਨੂੰ ਬਾਹਰ ਕੱਢਿਆ।

# ਭਾਰਤ ਦੀ ਹਸਤੀ ਨੂੰ ਖਤਰਾ ਇਸ ਦੇ ਅੰਦਰਲੀਆਂ ਘੇਰਾਬੰਦੀਆਂ ਤੋਂ



ਜਤਿੰਦਰ ਪੰਨੂ

ਭਾਰਤ ਦਾ ਇੱਕ ਪ੍ਰਮੁੱਖ ਪੱਤਰਕਾਰ ਹੁੰਦਾ ਸੀ, ਉਹ ਅਜੇ ਵੀ ਹੈ, ਪਰ ਅੱਜਕੱਲ੍ਹ ਉਹ ਪੱਤਰਕਾਰ ਨਹੀਂ, ਰਾਜਸੀ ਲੀਡਰ ਹੋ ਗਿਆ ਹੈ ਤੇ ਰਾਜਸੀ ਲੀਡਰ ਵੀ ਇੱਕ ਵਾੜੇ ਦੀ ਭੇਡ ਬਣਨ ਦੀ ਥਾਂ ਸੱਤਾ ਦੇ ਸੁੱਖ ਲਈ ਹਰ ਕਿਸੇ ਪਾਰਟੀ ਦੀ ਸਰਦਲ ਉੱਤੇ ਮੱਥਾ ਟੇਕਣ ਵਾਲਿਆਂ ਵਿੱਚ ਗਿਣਿਆ ਜਾਂਦਾ ਹੈ। ਜਦੋਂ ਹਾਲੇ ਉਹ ਸੱਤਾ ਦੀ ਲਾਲਸਾ ਲਈ ਕਿਸੇ ਪਾਰਟੀ ਦੀ ਸਰਦਲ ਉੱਤੇ ਅਲਖ ਜਗਾਉਣ ਦੇ ਰਾਹ ਨਹੀਂ ਸੀ ਪਿਆ, ਪੈਂਤੀ ਕੁ ਸਾਲ ਪਹਿਲਾਂ ਉਸ ਨੇ ਇੱਕ ਕਿਤਾਬ 'ਇੰਡੀਆ: ਦਾ ਸੀਜ਼ ਵਿਦਿਨ' ਲਿਖੀ ਸੀ, ਜਿਸ ਦਾ ਪੰਜਾਬੀ ਵਿੱਚ ਭਾਵ 'ਭਾਰਤ ਦੇ ਅੰਦਰੋ-ਅੰਦਰ ਘੇਰਾਬੰਦੀਆਂ' ਲਿਆ ਜਾ ਸਕਦਾ ਹੈ। ਇਹ ਕਿਤਾਬ ਬਹੁਤ ਵਧੀਆ ਸਮਝੀ ਗਈ ਸੀ ਅਤੇ ਕਈ ਲੋਕ ਇਸ ਨੂੰ ਭਾਰਤ ਦੇ ਵਿਗੜ ਰਹੇ ਹਾਲਾਤ ਨੂੰ ਸਮਝਣ ਲਈ ਇੱਕ ਹੈਂਡ-ਬੁੱਕ ਵਾਂਗ ਨਾਲ ਰੱਖ ਕੇ ਮਾਣ ਮਹਿਸੂਸ ਕਰਦੇ ਸਨ। ਫਿਰ ਅਕਬਰ ਹੀ ਅਕਬਰ ਨਹੀਂ ਸੀ ਰਿਹਾ ਅਤੇ ਇੱਕ ਪਿੱਛੋਂ ਦੂਸਰੀ ਪਾਰਟੀ ਦੀ ਚਾਕਰੀ ਕਰਦਾ ਅੰਤ ਵਿੱਚ ਉਹ ਓਸੇ ਭਾਜਪਾ ਦੀ ਸਰਕਾਰ ਵਿੱਚ ਕੇਂਦਰੀ ਮੰਤਰੀ ਬਣ ਗਿਆ ਸੀ, ਜਿਸ ਦੇ ਖਿਲਾਫ ਲਿਖਦਾ ਹੁੰਦਾ ਸੀ।ਭਾਰਤ ਦੇ ਹਾਲਾਤ ਸਮਝਣ ਵਿੱਚ ਉਸ ਦੀ ਉਹ ਕਿਤਾਬ ਅੱਜ ਵੀ ਬਹੁਤ ਮਦਦ ਕਰ ਸਕਦੀ ਹੈ, ਜਿਹੜੀ ਦੇਸ਼ ਦੇ ਅੰਦਰ ਹੁੰਦੀਆਂ ਘੇਰਾਬੰਦੀਆਂ ਦੀ ਵਿਆਖਿਆ ਕਰਦੀ ਹੈ।

ਅਸੀਂ ਭਾਰਤੀ ਲੋਕ ਲੰਮਾ ਸਮਾਂ ਇਸ ਗੱਲ ਦਾ ਮਾਣ ਕਰਦੇ ਰਹੇ ਹਾਂ ਤੇ ਭਵਿੱਖ ਵਿੱਚ ਵੀ ਕਰਨਾ ਚਾਹੁੰਦੇ ਹਾਂ ਕਿ ਭਾਰਤ ਕੁਦਰਤੀ ਦਾਤਾਂ ਦੇ ਪੱਖੋਂ ਹੀ ਅਨੇਕਤਾ ਵਿੱਚ ਏਕਤਾ ਦਾ ਨਮੂਨਾ ਨਹੀਂ, ਇਸ ਦੇ ਲੋਕਾਂ ਦੀ ਧਰਮ ਦੀ ਅਨੇਕਤਾ ਦੇ ਬਾਵਜੂਦ ਇਹ ਲੋਕਤੰਤਰ ਦੇ ਰਾਹ ਉੱਤੇ ਸ਼ਾਂਤਮਈ ਚੱਲੀ ਜਾਂਦਾ ਹੈ। ਇਹ ਠੀਕ ਹੈ ਕਿ ਅਸੀਂ ਭਵਿੱਖ ਵਿੱਚ ਵੀ ਇਸ ਦੇ ਏਸੇ ਤਰ੍ਹਾਂ ਚੱਲਦੇ ਰਹਿਣ ਦਾ ਮਾਣ ਕਰਨਾ ਚਾਹੁੰਦੇ ਹਾਂ, ਪਰ ਭਵਿੱਖ ਵਿੱਚ ਇਸ ਦੀ ਅਨੇਕਤਾ ਵਿੱਚ ਏਕਤਾ ਤੇ ਇਸ ਦੀ ਏਕਤਾ ਦੇ ਪੱਕੇ ਪੈਰੀਂ ਰਹਿਣ ਦਾ ਯਕੀਨ ਸਾਡੇ ਵਿੱਚ ਕਿੰਨੇ ਲੋਕਾਂ ਨੂੰ ਹੈ, ਇਹ ਦੱਸ ਸਕਣਾ ਔਖਾ ਹੈ। 'ਪਿਆਰੀ ਭਾਰਤ ਮਾਂ' ਗਾਉਣ ਵਾਲੇ ਬਹੁਤ ਸਾਰੇ ਲੋਕਾਂ ਦਾ ਇਹ ਵਿਸ਼ਵਾਸ ਪਹਿਲਾਂ ਜਿੰਨਾ ਪੱਕਾ ਨਹੀਂ ਰਿਹਾ ਅਤੇ ਉਹ ਗੱਲਾਂ ਕਰਨ ਲੱਗੇ ਹਨ ਕਿ ਜੇ ਹਾਲਾਤ ਇਹੋ ਰਹੇ ਤਾਂ ਸੁਰਜੀਤ ਪਾਤਰ ਦਾ ਇਹ ਸ਼ੇਅਰ ਯਾਦ ਰੱਖਣਾ ਚਾਹੀਦਾ ਹੈ ਕਿ "ਜੇ ਹਵਾ ਇਹ ਰਹੀ ਤਾਂ ਫਿਰ ਕਬਰਾਂ 'ਤੇ ਕੀ, ਸਭ ਘਰਾਂ ਦੇ ਵੀ ਦੀਵੇ ਬੁਝੇ ਰਹਿਣਗੇ।" ਭਾਰਤ ਉਸ ਪਾਸੇ ਵੱਲ ਵਧ ਰਿਹਾ ਜਾਪਦਾ ਹੈ।

ਸਾਨੂੰ ਇਸ ਗੱਲੋਂ ਪੂਰੀ ਤਸੱਲੀ ਹੈ ਕਿ ਪਟਿਆਲੇ ਵਿੱਚ ਇੱਕ ਸ਼ੋਹਦੇ ਵੱਲੋਂ ਫਿਰਕੂ ਸੱਦਾ ਦੇ ਕੇ ਚੁਆਤੀ ਲਾਉਣ ਦਾ ਉਸ ਨੂੰ ਜਾਂ ਉਸ ਦੇ ਪਿੱਛੇ ਖੜੀਆਂ ਤਾਕਤਾਂ ਨੂੰ ਮਨ-ਚਾਹਿਆ ਮਕਸਦ ਹਾਸਲ ਨਹੀਂ ਹੋ ਸਕਿਆ। ਉਸ ਸ਼ਰਾਰਤੀ ਦੇ ਆਪਣੇ ਹਿੰਦੂ ਭਾਈਚਾਰੇ ਦੇ ਲੋਕਾਂ ਨੇ ਉਸ ਨੂੰ ਇਸ ਗੱਲੋਂ ਝਾੜਿਆ ਅਤੇ ਨਾ ਸਿਰਫ ਗੱਲਾਂ ਨਾਲ ਝਾੜਿਆ, ਸਰੀਰਕ ਤੌਰ ਉੱਤੇ ਵੀ ਕੁਝ ਹੱਦ ਤੱਕ ਝੰਬ ਦਿੱਤਾ ਕਿ ਉਹ ਸੁੱਖੀਂ ਵੱਸਦੇ ਦੋਵਾਂ ਭਾਈਚਾਰਿਆਂ ਦੇ ਲੋਕਾਂ ਵਿਚਾਲੇ ਫਸਾਦ ਕਰਾਉਣ ਦੇ ਲਈ ਸ਼ੋਸ਼ੇ ਛੱਡਦਾ ਫਿਰਦਾ ਹੈ। ਸਿੱਖ ਭਾਈਚਾਰਾ ਵੀ ਆਮ ਕਰ ਕੇ ਸ਼ਾਂਤ ਤੇ ਜ਼ਿਮੇਵਾਰੀ ਦੇ ਅਹਿਸਾਸ ਤੱਕ ਸੀਮਤ ਰਹਿ ਕੇ ਪਟਿਆਲੇ ਸ਼ਹਿਰ ਤੇ ਪੰਜਾਬ ਦਾ ਮਾਹੌਲ ਵਿਗੜਨ ਤੋਂ ਬਚਾਉਣ ਵਿੱਚ ਕਾਮਯਾਬ ਰਿਹਾ ਹੈ। ਫਿਰ ਵੀ ਇਹ ਨੋਟ ਕਰਨ ਦੀ ਲੋੜ ਹੈ ਕਿ ਏਦਾਂ ਦੀ ਕੋਈ ਚੁਆਤੀ ਲਾਉਣ ਦਾ ਕੰਮ ਕੋਈ ਇਕੱਲਾ ਬੰਦਾ ਆਪਣੇ ਆਪ ਨਹੀਂ ਕਰਦਾ ਹੁੰਦਾ, ਅਸਲ ਵਿੱਚ ਉਸ ਦੇ ਪਿੱਛੇ ਕੋਈ ਨਾ ਕੋਈ ਸ਼ਰਾਰਤੀ ਧਿਰ ਹੋ ਸਕਦੀ ਹੈ, ਜਿਹੜੀ ਮੁੜ ਕੇ ਸਾਜਿਸ਼ ਕਰ ਸਕਦੀ ਹੈ।

ਦੂਸਰੇ ਪਾਸੇ ਦੇਸ਼ ਦੇ ਪੱਧਰ ਉੱਤੇ ਕਦੀ ਰਾਜਧਾਨੀ ਦਿੱਲੀ ਦੇ ਜਹਾਂਗੀਰਪੁਰੀ ਵਿੱਚ ਦੰਗੇ ਤੇ ਕਦੀ ਮੱਧ ਪ੍ਰਦੇਸ਼ ਦੇ ਖਰਗੌਨ ਵਿੱਚ ਇਹੋ ਕੁਝ ਹੋਣਾ ਦੱਸਦਾ ਹੈ ਕਿ ਸ਼ਰਾਰਤੀ ਅਨਸਰ ਇਸ ਦੇਸ਼ ਨੂੰ ਆਰਾਮ ਨਾਲ ਵੱਸਦਾ ਬਰਦਾਸ਼ਤ ਨਹੀਂ ਕਰਦੇ। ਇਹੋ ਕਾਰਨ ਹੈ ਕਿ ਵੱਖ-ਵੱਖ ਥਾਂਈਂ ਵੱਖ-ਵੱਖ ਰੂਪਾਂ ਵਿੱਚ ਇਹੋ ਜਿਹੀ ਕੋਈ ਨਾ ਕੋਈ ਗੱਲ ਬਾਹਰ ਆ ਜਾਂਦੀ ਹੈ, ਜਿਹੜੀ ਵਕਤ ਰਹਿੰਦਿਆਂ ਸੰਭਾਲੀ ਨਾ ਜਾਵੇ ਤਾਂ ਬਾਤ ਦਾ ਬਤੰਗੜ ਹੀ ਨਹੀਂ, ਸਮੁੱਚੇ ਦੇਸ਼ ਦੇ ਮਾਹੌਲ ਨੂੰ ਵਿਗਾੜਨ ਵਾਲੀ ਹੋ ਸਕਦੀ ਹੈ। ਫਿਰਕੂ ਤੱਤ ਏਦਾਂ ਦੀਆਂ ਗੁੱਝੇ ਦਾਅ ਖੇਡਣ ਲਈ ਸਰਗਰਮ ਹਨ। ਇਸ ਦੀ ਝਲਕ ਮੱਧ ਪ੍ਰਦੇਸ਼ ਦੇ ਸ਼ਹਿਰ ਖੰਡਵਾ ਵਿੱਚ ਕ੍ਰਿਕਟ ਨੂੰ ਫਿਰਕੂ ਰੰਗ ਦੇਣ ਤੋਂ ਵੀ ਸਾਹਮਣੇ ਆਈ ਹੈ, ਜਿੱਥੇ ਹਰ ਸਾਲ ਹੁੰਦੇ ਕ੍ਰਿਕਟ ਟੂਰਨਾਮੈਂਟ ਵਿੱਚ ਪਹਿਲੀ ਵਾਰੀ ਇੱਕ ਧਰਮ ਦੇ ਖਿਡਾਰੀ ਸ਼ਾਮਲ ਨਹੀਂ ਸਨ ਕੀਤੇ ਗਏ। ਪੁੱਛਣ ਉੱਤੇ ਉਸ ਹਲਕੇ ਵਿੱਚੋਂ ਲੋਕਾਂ ਵੱਲੋਂ ਚੁਣੇ ਹੋਏ ਭਾਜਪਾ ਵਿਧਾਇਕ ਨੇ ਤਾਂ ਇਹ ਕਹਿ ਕੇ ਖਹਿੜਾ ਛੁਡਾ ਲਿਆ ਕਿ ਉਸ ਦਾ ਇਸ ਨਾਲ ਸੰਬੰਧ ਹੀ ਕੋਈ ਨਹੀਂ, ਪਰ ਉਸ ਟੂਰਨਾਮੈਂਟ ਦੇ ਮੁੱਖ ਪ੍ਰਬੰਧਕ ਨੇ ਸਾਫ ਸ਼ਬਦਾਂ ਵਿੱਚ ਇਹ ਕਹਿ ਦਿੱਤਾ ਕਿ 'ਮੇਰੇ ਘਰ ਵਿੱਚ ਕੋਈ ਵਿਆਹ ਜਾਂ ਹੋਰ ਸਮਾਗਮ ਹੋਵੇ ਤਾਂ ਕਿਸ ਨੂੰ ਸੱਦਣਾ ਤੇ ਕਿਸ ਨੂੰ ਨਹੀਂ, ਮੇਰੀ ਮਰਜ਼ੀ ਹੀ ਚੱਲੇਗੀ।' ਇਸ ਤਰ੍ਹਾਂ ਓਥੇ ਹਰ ਸਾਲ ਹੋਣ ਵਾਲਾ 'ਵਿਧਾਇਕ ਕ੍ਰਿਕਟ ਟੂਰਨਾਮੈਂਟ' ਪਹਿਲੀ ਵਾਰ ਫਿਰਕੂ ਰੰਗ ਵਿੱਚ ਰੰਗਿਆ ਗਿਆ ਅਤੇ ਕ੍ਰਿਕਟ ਦੇ ਬੈਟ ਤੇ ਬਾਲ ਫਿਰਕੂ ਰੰਗ ਵਿੱਚ ਰੰਗੇ ਜਾਣ ਦਾ ਉਹ ਪ੍ਰਭਾਵ ਮਿਲਣ ਲੱਗ ਪਿਆ, ਜਿਹੜਾ ਦੇਸ਼ ਲਈ ਸ਼ੁਭ ਨਹੀਂ। ਤੀਸਰੇ ਪਾਸੇ ਰਾਮ ਭਗਵਾਨ ਦੀ ਨਗਰੀ ਕਹੇ ਜਾਂਦੇ ਅਯੁੱਧਿਆ ਸ਼ਹਿਰ ਦੀ ਖਬਰ ਚਿੰਤਾ ਪੈਦਾ ਕਰਨ ਵਾਲੀ ਹੈ ਤੇ ਇਹ ਵਿਸ਼ਵਾਸ ਬੰਨ੍ਹਾਉਣ ਵਾਲੀ ਵੀ ਕਿ ਲੋਕ ਅਜੇ ਭਾਈਚਾਰਕ ਸਾਂਝਾਂ ਕਾਇਮ ਰੱਖਣ ਲਈ ਵਚਨਬੱਧ ਹਨ। ਭਾਰਤ ਜਾਂ ਇਸ ਤੋਂ ਬਾਹਰ ਦੇ ਬਹੁਤੇ ਲੋਕ ਇਹ ਗੱਲ ਨਹੀਂ ਜਾਣਦੇ ਕਿ ਜਦੋਂ ਅਯੁੱਧਿਆ ਵਿੱਚ ਬਾਬਰੀ ਮਸਜਿਦ ਢਾਹੀ ਜਾਣ ਲਈ ਇੱਕ ਖਾਸ ਪਾਰਟੀ ਦੇ ਮੁਖੀ ਆਗੂ ਦੀ ਅਗਵਾਈ ਵਿੱਚ ਰੱਥ ਘੁੰਮਾਇਆ ਗਿਆ ਤੇ ਫਿਰ ਮਸਜਿਦ ਤੋੜਨ ਮਗਰੋਂ ਸਮੁੱਚੇ ਭਾਰਤ ਵਿੱਚ ਦੰਗੇ ਹੋਣ ਲੱਗੇ ਹਨ, ਅਯੁੱਧਿਆ ਦੇ ਲੋਕ ਓਦੋਂ ਵੀ ਇੱਕ ਦੂਸਰੇ ਨਾਲ ਨਹੀਂ ਸੀ ਲੜੇ। ਹਰ ਨਾਜ਼ਕ ਮੋੜ ਉੱਤੇ ਉਨ੍ਹਾਂ ਸੂਝ ਦਾ ਸਬੂਤ ਦਿੱਤਾ ਸੀ ਤੇ ਅੱਜ ਵੀ ਉਸ ਸੂਝ ਨਾਲ ਚੱਲ ਰਹੇ ਹਨ, ਪਰ ਲੋਕਾਂ ਦੀ ਇਸ ਸੂਝ ਦੇ ਦੁਸ਼ਮਣ ਚੁਆਤੀਆਂ ਲਾਉਣ ਤੋਂ ਓਥੇ ਵੀ ਬਾਜ਼ ਨਹੀਂ ਆਏ। ਇਸ ਹਫਤੇ ਕੁਝ ਅਖਬਾਰਾਂ ਨੇ ਇਹ ਖਬਰ ਦਿੱਤੀ ਹੈ ਕਿ ਓਥੇ ਕੁਝ ਸ਼ਰਾਰਤੀਆਂ ਨੇ ਹਿੰਦੂ-ਮੁਸਲਿਮ ਦੰਗੇ ਕਰਾਉਣ ਦੀ ਸਾਜ਼ਿਸ਼ ਕੀਤੀ, ਪਰ ਕਾਮਯਾਬ ਨਹੀਂ ਹੋ ਸਕੇ ਅਤੇ ਅੰਤ ਵਿੱਚ ਜੇਲ੍ਹ ਜਾ ਪੁੱਜੇ ਹਨ। ਇਨ੍ਹਾਂ ਲੋਕਾਂ ਨੇ ਇੱਕ ਖਾਸ ਧਰਮ ਦੇ ਲੋਕਾਂ ਵਰਗੇ ਕੁੜਤੇ-ਪਜਾਮੇ ਪਹਿਨੇ ਅਤੇ ਜਾਲੀਦਾਰ ਟੋਪੀਆਂ ਪਾ ਕੇ ਕੁਝ ਥਾਂਵਾਂ ਤੋਂ ਮਾਸ ਖਰੀਦਣ ਦੇ ਬਾਅਦ ਕੁਝ ਖਾਸ ਧਰਮ ਅਸਥਾਨਾਂ ਵਿੱਚ ਸੁੱਟਣ ਦੀ ਹਰਕਤ ਕੀਤੀ ਤਾਂ ਸੀ ਸੀ ਟੀ ਵੀ ਕੈਮਰਿਆਂ ਦੀ ਅੱਖ ਤੋਂ ਲੁਕੇ ਨਹੀਂ ਰਹਿ ਸਕੇ। ਉਨ੍ਹਾਂ ਬਾਰੇ ਚੌਕਸੀ ਕੈਮਰਿਆਂ ਦੀ ਵੀਡੀਓ ਫੁਟੇਜ ਬਹੁਤ ਜ਼ਿਆਦਾ ਸਾਫ ਮਿਲ ਗਈ ਅਤੇ ਉਸ ਰਾਜ ਦੀ ਸਰਕਾਰ ਨੂੰ ਵੀ ਉਨ੍ਹਾਂ ਵਿਰੁੱਧ ਕਾਰਵਾਈ ਕਰਨੀ ਪਈ ਹੈ। ਦੋਸ਼ੀਆਂ ਵਿੱਚੋਂ ਜਿਹੜਾ ਆਗੂ ਮੰਨਿਆ ਜਾਂਦਾ ਹੈ, ਉਸ ਦੇ ਭਰਾ ਦਾ ਕਹਿਣਾ ਹੈ ਕਿ ਮੇਰਾ ਭਰਾ ਤਾਂ ਦਿੱਲੀ ਦੇ ਜਹਾਂਗੀਰਪੁਰੀ ਵਿੱਚ ਵਾਪਰੇ ਦੰਗਿਆਂ ਦਾ ਬਦਲਾ ਲੈਣਾ ਚਾਹੁੰਦਾ ਸੀ। ਪਹਿਲੀ ਗੱਲ ਤਾਂ ਇਹ ਕਿ ਜਹਾਂਗੀਰਪੁਰ ਵਿੱਚ ਜੋ ਹੋਇਆ, ਉਹ ਅੰਤਾਂ ਦਾ ਮਾੜਾ ਤੇ ਨਿੰਦਣ ਯੋਗ ਸੀ, ਦੂਸਰੀ ਇਹ ਕਿ ਉਹ ਦੇਸ਼ ਦੀ ਰਾਜਧਾਂਨੀ ਦਿੱਲੀ ਦਾ ਮਾਮਲਾ ਸੀ, ਜਿੱਥੇ ਅਯੁੱਧਿਆ ਦੇ ਲੋਕ ਇੱਕ ਜਾਂ ਦੂਸਰੇ ਪਾਸੇ ਤੋਂ ਲੜਨ ਲਈ ਨਹੀਂ ਸਨ ਗਏ ਤਾਂ ਉਸ ਦਾ ਬਦਲਾ ਅਯੁੱਧਿਆ ਵਿੱਚ ਲੈਣ ਦੀ ਗੱਲ ਕਰਨ ਦਾ ਕੋਈ ਮਤਲਬ ਹੀ ਨਹੀਂ ਸੀ ਹੋਣਾ ਚਾਹੀਦਾ। ਇਹ ਸਿਰੇ ਦੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਸੀ।

ਅਸੀਂ ਅਲਾਮਾ ਇਕਬਾਲ ਦੇ ਇਹ ਸ਼ਬਦ ਕਈ ਵਾਰ ਦੁਹਰਾਏ ਹਨ ਕਿ 'ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ, ਸਦੀਉਂ ਰਹਾ ਹੈ ਦੁਸ਼ਮਣ ਦੌਰ-ਇ-ਜ਼ਮਾਂ ਹਮਾਰਾ'। ਭਾਰਤ ਦੀ ਹਸਤੀ ਜੇ ਅੱਜ ਤੱਕ ਕਾਇਮ ਰਹੀ ਹੈ ਤਾਂ ਇਸ ਦੇ ਹਾਕਮਾਂ: ਰਾਜਿਆਂ ਜਾਂ ਲੋਕਤੰਤਰੀ ਲੀਡਰਾਂ ਦੀ ਅਗਵਾਈ ਕਰ ਕੇ ਨਹੀਂ ਰਹੀ, ਸਗੋਂ ਇਸ ਕਾਰਨ ਕਾਇਮ ਰਹਿ ਸਕੀ ਹੈ ਕਿ ਇਸ ਦੇਸ਼ ਦੇ ਲੋਕ ਆਪਸੀ ਭਾਈਚਾਰੇ ਦੀਆਂ ਤੰਦਾਂ ਨੂੰ ਹਰ ਵਾਰੀ ਟੁੱਕੇ ਜਾਣ ਤੋਂ ਬਚਾ ਲੈਂਦੇ ਰਹੇ ਹਨ। ਭਾਰਤ ਦੇ ਦੁਸ਼ਮਣ ਪਹਿਲਾਂ ਵੀ ਬਹੁਤ ਰਹੇ ਹਨ ਅਤੇ ਅੱਜ ਵੀ ਬਹੁਤ ਹਨ, ਪਰ ਭਾਰਤ ਨੂੰ ਖਤਰਾ ਬਾਹਰਲੇ ਦੁਸ਼ਮਣਾਂ ਕੋਲੋਂ ਨਹੀਂ, ਸਗੋਂ ਇਸ ਦੇ ਅੰਦਰਲੀਆਂ ਉਨ੍ਹਾਂ ਘੇਰਾਬੰਦੀਆਂ ਤੋਂ ਹੈ, ਜਿਨ੍ਹਾਂ ਦਾ ਜ਼ਿਕਰ ਐੱਮ ਜੇ ਅਕਬਰ ਨੇ ਉਸ ਵਕਤ ਕੀਤਾ ਸੀ, ਜਦੋਂ ਉਹ ਪੁਰਾਣਾ ਅਕਬਰ ਹੁੰਦਾ ਸੀ, ਰਾਜਸੀ ਚਾਹਤਾਂ ਦਾ ਗੁਲਾਮ ਨਹੀਂ ਸੀ ਬਣਿਆ। ਉਸ ਦੀਆਂ ਰਾਜਸੀ ਚਾਹਤਾਂ ਨੂੰ ਆਪਣੀ ਥਾਂ ਰੱਖਦੇ ਹੋਏ ਅੱਜ ਵੀ ਭਾਰਤ ਦੇ ਲੋਕਾਂ ਨੂੰ ਇਹ ਸੋਚਣ ਦੀ ਲੋੜ ਹੈ ਕਿ ਭਾਰਤ ਦੇ ਅੰਦਰਲੀਆਂ ਘੇਰਾਬੰਦੀਆਂ ਅਤੇ ਇਹ ਘੇਰਾਬੰਦੀਆਂ ਕਰਨ ਵਾਲੇ ਇਸ ਦੇਸ਼ ਲਈ ਕਿਸੇ ਵੀ ਹੋਰ ਖਤਰੇ ਤੋਂ ਵੱਡਾ ਖਤਰਾ ਹਨ। ਭਵਿੱਖ ਵਿੱਚ ਭਾਰਤ ਅਤੇ ਭਾਰਤੀਆਂ ਨੇ ਆਪਣੀ ਹਸਤੀ ਕਾਇਮ ਰੱਖਣੀ ਹੈ ਤਾਂ ਉਨ੍ਹਾਂ ਨੂੰ ਇਸ ਖਤਰੇ ਵਿਰੁੱਧ ਸੁਚੇਤ ਰਹਿਣਾ ਪਵੇਗਾ।

# ਸੱਸ ਕਰੇ ਪਿਆਰ ਅਤੇ ਨੂੰਹ ਕਰੇ ਸਤਿਕਾਰ

-ਗੁਰਸ਼ਰਨ ਸਿੰਘ ਕੁਮਾਰ

ਆਮ ਤੌਰ ਉੱਤੇ ਸੱਸ ਸ਼ਬਦ ਇੱਕ ਜ਼ਾਲਮ ਅਤੇ ਤਾਨਾਸ਼ਾਹ ਔਰਤ ਵਜੋਂ ਕਿਆਸਿਆ ਜਾਂਦਾ ਹੈ, ਜੋ ਖਾਸ ਕਰ ਕੇ ਆਪਣੀਆਂ ਨੂੰਹਾਂ ਉੱਤੇ ਬਹੁਤ ਪਾਬੰਦੀਆਂ ਲਾਉਂਦੀਆਂ ਅਤੇ ਜ਼ੁਲਮ ਕਰਦੀਆਂ ਹਨ। ਇਸੇ ਲਈ ਕਹਿੰਦੇ ਹਨ, 'ਸੱਸ ਤਾਂ ਮਿੱਟੀ ਦੀ ਵੀ ਮਾਣ ਨਹੀਂ ਹੁੰਦੀ।' ਇਹ ਪੂਰਨ ਸੱਚ ਨਹੀਂ। ਨੂੰਹ-ਸੱਸ ਦਾ ਰਿਸ਼ਤਾ ਮਾਂ-ਧੀ ਦੇ ਰਿਸ਼ਤੇ ਦੀ ਤਰ੍ਹਾਂ ਪਿਆਰ ਭਰਿਆ ਨਿੱਘਾ ਹੋ ਸਕਦਾ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਔਰਤ ਮਮਤਾ ਦੀ ਮੂਰਤ ਹੈ। ਉਹ ਪਹਿਲਾਂ ਮਾਂ ਹੈ, ਜੋ ਸਾਰੇ ਪਰਵਾਰ ਦਾ ਧੁਰਾ ਹੁੰਦੀ ਹੈ। ਪਰਵਾਰ ਦੇ ਸਾਰੇ ਜੀਆਂ ਦਾ ਧਿਆਨ ਰੱਖਣਾ ਤੇ ਪਰਵਾਰ ਦੇ ਅਕਸ ਨੂੰ ਕਾਮਯਾਬੀ ਨਾਲ ਸਮਾਜ ਵਿੱਚ ਅੱਗੇ ਵਧਾਉਣਾ ਉਸ ਦਾ ਮੁੱਢਲਾ ਫਰਜ਼ ਹੈ। ਇਸ ਲਈ ਪਰਵਾਰ ਵਿੱਚ ਕੁਝ ਮਰਿਆਦਾ ਤਾਂ ਕਾਇਮ ਰੱਖਣੀ ਹੀ ਪੈਂਦੀ ਹੈ।ਪਰਵਾਰ ਸਮਾਜ ਦੀ ਮੁੱਢਲੀ ਇਕਾਈ ਹੈ। ਪਰਵਾਰ ਤੋਂ ਅੱਗੋਂ ਸਮਾਜ ਰੂਪੀ ਫ਼ਸਲ ਤਿਆਰ ਹੁੰਦੀ ਹੈ ਅਤੇ ਦੇਸ਼ ਤੇ ਦੁਨੀਆ ਦੇ ਰੂਪ ਵਿੱਚ ਫੈਲਦੀ ਹੈ ਅਤੇ ਧਰਤੀ ਉੱਤੇ ਮਨੁੱਖੀ ਨਸਲ ਦਾ ਪਰਚਾ ਹੁੰਦਾ ਹੈ। ਕਿਹਾ ਜਾ ਸਕਦਾ ਹੈ ਕਿ ਸਮਾਜ ਤੇ ਦੁਨੀਆ ਰੂਪੀ ਨਸਲ ਦੀ ਪਨੀਰੀ ਪਰਵਾਰ ਹੈ। ਇਹ ਪਰਵਾਰ ਰੂਪੀ ਪਨੀਰੀ ਨੂੰ ਬਹੁਤ ਸੁਚੱਜੀ ਸੰਭਾਲ ਦੀ ਲੋੜ ਹੈ ਤਾਂ ਕਿ ਸਾਡੇ ਵਾਰਸ ਵਧੀਆ ਹੋਣ ਅਤੇ ਸਭ ਪਾਸੇ ਸੁੱਖ-ਸੁੰਦਰਤਾ ਅਤੇ ਸੁਗੰਧ ਫੈਲੇ।

ਅੱਗੋਂ ਪਰਵਾਰ ਦੀਆਂ ਦੋ ਕਿਸਮਾਂ ਹੁੰਦੀਆਂ ਹਨ। ਇੱਕ ਹੁੰਦਾ ਹੈ ਇਕਹਿਰਾ ਪਰਵਾਰ, ਜਿਸ ਵਿੱਚ ਕੇਵਲ ਪਤੀ-ਪਤਨੀ ਅਤੇ ਉਨ੍ਹਾਂ ਦੇ ਆਪਣੇ ਬੱਚੇ ਹੁੰਦੇ ਹਨ। ਦੂਜਾ ਹੁੰਦਾ ਹੈ ਸੰਯੁਕਤ ਪਰਵਾਰ, ਜਿਸ ਵਿੱਚ ਪਤੀ-ਪਤਨੀ, ਉਨ੍ਹਾਂ ਦੇ ਬੱਚੇ, ਬੱਚਿਆਂ ਦੇ ਦਾਦਾ-ਦਾਦੀ ਤੇ ਕਈ ਵਾਰੀ ਭੂਆ, ਚਾਚਾ-ਚਾਚੀ, ਤਾਇਆ-ਤਾਈ ਅਤੇ ਉਨ੍ਹਾਂ ਦੇ ਬੱਚੇ ਆਦਿ ਵੀ ਹੋ ਸਕਦੇ ਹਨ। ਸਾਰੇ ਰਲ ਮਿਲ ਕੇ ਰਹਿੰਦੇ ਹਨ ਤੇ ਸਭ ਦੀ ਰੋਟੀ ਇੱਕੋ ਚੁੱਲ੍ਹੇ ਉੱਤੇ ਬਣਦੀ ਹੈ। ਇਸ ਤਰ੍ਹਾਂ ਕੁਦਰਤੀ ਤੌਰ ਉੱਤੇ ਪਰਵਾਰ ਦੇ ਸਾਰੇ ਜੀਆਂ ਦੇ ਆਪਸੀ ਰਿਸ਼ਤੇ ਬਣਦੇ ਹਨ, ਜਿਨ੍ਹਾਂ ਨੂੰ ਬੜੇ ਪਿਆਰ, ਵਿਸ਼ਵਾਸ ਤੇ ਸੁਹਿਰਦਤਾ ਨਾਲ ਨਿਭਾਉਣਾ ਹੁੰਦਾ ਹੈ। ਜੇ ਅਸੀਂ ਇਨ੍ਹਾਂ ਰਿਸ਼ਤਿਆਂ ਨੂੰ ਨਿਭਾਉਣ ਵਿੱਚ ਜ਼ਰਾ ਵੀ ਚੁੱਕ ਜਾਈਏ ਤਾਂ ਆਪਸ ਵਿੱਚ ਕੁੜੱਤਣ ਪੈਦਾ ਹੋ ਜਾਂਦੀ ਹੈ। ਅਜਿਹੇ ਪਰਵਾਰ ਵਿੱਚ ਸਭ ਤੋਂ ਬਜ਼ੁਰਗ ਬੰਦੇ ਦਾ ਬਹੁਤ ਸਤਿਕਾਰ ਹੁੰਦਾ ਹੈ ਅਤੇ ਉਸ ਦਾ ਹੀ ਹੁਕਮ ਚੱਲਦਾ ਹੈ। ਅਜਿਹੇ ਪਰਵਾਰ ਦੀਆਂ ਨੀਹਾਂ ਬਹੁਤ ਮਜ਼ਬੂਤ ਹੁੰਦੀਆਂ ਹਨ ਅਤੇ ਉਹ ਛਾਲਾਂ ਮਾਰਦਾ ਹੋਇਆ ਦਿਨ ਦੂਣੀ ਅਤੇ ਰਾਤ ਚੌਗੁਣੀ ਤਰੱਕੀ ਕਰਦਾ ਹੈ। ਸਮਾਜ ਵਿੱਚ ਵੀ ਅਜਿਹੇ ਪਰਵਾਰ ਦੀ ਮਜ਼ਬੂਤ ਪਕੜ ਹੁੰਦੀ ਹੈ। ਇਸ ਪਰਵਾਰ ਵਿੱਚ ਇੱਕ ਰਿਸ਼ਤਾ ਨੂੰਹ-ਸੱਸ ਦਾ ਹੁੰਦਾ ਹੈ, ਜਿਸ ਦੇ ਸੁਖਾਵੇਂ ਰਹਿਣ ਨਾਲ ਪਰਵਾਰ ਵਿੱਚ ਅਨੁਸ਼ਾਸਨ ਆਉਂਦਾ ਹੈ ਅਤੇ ਪਰਵਾਰ ਨੂੰ ਹੋਰ ਮਜ਼ਬੂਤੀ ਮਿਲਦੀ ਹੈ। ਜੇ ਇਸ ਰਿਸ਼ਤੇ ਵਿੱਚ ਜ਼ਰਾ ਤਰੇੜ ਆ ਜਾਏ ਤਾਂ ਸਾਰਾ ਪਰਵਾਰ ਬਿਖ਼ਰ ਜਾਂਦਾ ਹੈ। ਨੂੰਹ-ਸੱਸ ਦੀ ਅਣਬਣ ਕਰ ਕੇ ਪਰਵਾਰ ਤਮਾਸ਼ਾ ਬਣ ਕੇ ਰਹਿ ਜਾਂਦਾ ਹੈ।

ਜ਼ਮਾਨਾ ਤੇਜ਼ੀ ਨਾਲ ਬਦਲ ਰਿਹਾ ਹੈ। ਜਿਹੜੇ ਕੱਲ੍ਹ ਤੱਕ ਸੁੱਚੇ ਸਿੱਕੇ ਸਨ, ਉਹ ਅੱਜ ਕੱਲ੍ਹ ਖੋਟੇ ਹੋ ਚੁੱਕੇ ਹਨ। ਪਹਿਲੀਆਂ ਚੰਗੀਆਂ ਗੱਲਾਂ ਦੀ ਅੱਜ ਕਦਰ ਨਹੀਂ ਰਹੀ। ਭਲੀਮਾਨਸ ਬਜ਼ੁਰਗ ਔਰਤਾਂ ਹੈਰਾਨ ਹੁੰਦੀਆਂ ਹਨ, ਜਿਵੇਂ ਉਨ੍ਹਾਂ ਨਾਲ ਕੋਈ ਠੱਗੀ ਵੱਜ ਗਈ ਹੋਵੇ। ਜਿਸ ਹੱਸਦੇ ਖੇਡਦੇ ਪਰਵਾਰ ਦੀ ਕਲਪਨਾ ਉਨ੍ਹਾਂ ਕੀਤੀ ਸੀ, ਉਹ ਕਿਧਰੇ ਨਜ਼ਰ ਹੀ ਨਹੀਂ ਆ ਰਿਹਾ। ਜਿਸ ਪਰਵਾਰ ਦੀ ਉਨ੍ਹਾਂ ਪਟਰਾਣੀ ਬਣ ਕੇ ਰਹਿਣਾ ਸੀ ਤੇ ਰਾਜ ਕਰਨਾ ਸੀ, ਉਹ ਸਲਤਨਤ ਤਾਂ ਬਿੱਖਰ ਗਈ। ਉਨ੍ਹਾਂ ਦੀ ਸਰਦਾਰੀ ਖਤਮ ਹੋ ਜਾਂਦੀ ਹੈ ਅਤੇ ਕਦਮ ਕਦਮ ਉੱਤੇ ਉਨ੍ਹਾਂ ਨੂੰ ਬੇਕਦਰੀ ਮਿਲਦੀ ਹੈ। ਉਨ੍ਹਾਂ ਨੂੰ ਕਈ ਤਰ੍ਹਾਂ ਦੇ ਸਮਝੌਤੇ ਕਰ ਕੇ ਬੁਢਾਪਾ ਕੱਟਣਾ ਪੈਂਦਾ ਹੈ। ਜਿਸ ਪਰਵਾਰ ਵਿੱਚ ਉਨ੍ਹਾਂ ਦਾ ਹੁਕਮ ਚੱਲਣਾ ਸੀ, ਉਸ ਪਰਵਾਰ ਵਿੱਚ ਉਨ੍ਹਾਂ ਦੇ ਬੱਚੇ ਹੁਕਮ ਚਲਾਉਂਦੇ ਹਨ। ਪਹਿਲਾਂ ਲੜਕੀਆਂ ਨੂੰ ਵਿਆਹ ਸਮੇਂ ਸਹੁਰੇ ਘਰ ਜਾਣ ਲੱਗਿਆਂ ਸਿੱਖਿਆਂ ਦਿੱਤੀ ਜਾਂਦੀ ਸੀ ਕਿ ਉਥੇ ਜਾ ਕੇ ਸਭ ਨਾਲ ਪਿਆਰ ਨਾਲ ਕਿਵੇਂ ਰਹਿਣਾ ਹੈ, ਅੱਜ ਜ਼ਮਾਨਾ ਬਦਲ ਗਿਆ ਹੈ। ਸੱਸਾਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ ਕਿ ਨੂੰਹਾਂ ਨਾਲ ਕਿਵੇਂ ਬਣਾ ਕੇ ਰੱਖਣੀ ਹੈ।ਬਜ਼ੁਰਗ ਔਰਤਾਂ ਬੜੇ ਚਾਅ ਨਾਲ ਆਪਣੇ ਪੁੱਤਰ ਦਾ ਵਿਆਹ ਕਰਦੀਆਂ ਹਨ ਅਤੇ ਸ਼ਗਨਾਂ ਨਾਲ ਨੂੰਹ ਨੂੰ ਘਰ ਲੈ ਕੇ ਆਉਂਦੀਆਂ ਹਨ, ਪਰ ਕੁਝ ਸਮੇਂ ਬਾਅਦ ਘਰ ਵਿੱਚ ਕਲੇਸ਼ ਪੈਂਦਾ ਹੋ ਜਾਂਦਾ ਤੇ ਸਾਰਾ ਮੁਹੱਲਾ ਤਮਾਸ਼ਾ ਦੇਖਦਾ ਹੈ। ਗੱਲ ਕੋਰਟ ਕਚਹਿਰੀ ਤੱਕ ਪਹੁੰਚਦੀ ਹੈ। ਇੱਕ ਦੂਜੇ ਉੱਤੇ ਝੂਠੇ ਦੋਸ਼ ਲਾਏ ਜਾਂਦੇ ਹਨ। ਚਰਿ-ਤਰਹਰਨ ਹੁੰਦਾ ਹੈ। ਮੁੰਡੇ ਵਾਲੇ ਲਾਲਚੀ ਅਤੇ ਰਾਖਸ਼ ਸਾਬਤ ਕੀਤੇ ਜਾਂਦੇ ਹਨ ਅਤੇ ਲੜਕੀ ਦੇ ਚਾਲ ਚੱਲਣ ਉੱਤੇ ਦੋਸ਼ ਲਾਏ ਜਾਂਦੇ ਹਨ। ਪਰਵਾਰ ਦੀ ਇੱਜ਼ਤ ਮਿੱਟੀ ਵਿੱਚ ਰੁਲ ਜਾਂਦੀ ਹੈ।

ਕਈ ਮਾਵਾਂ, ਧੀਆਂ ਦੇ ਘਰਾਂ ਵਿੱਚ ਜ਼ਿਆਦਾ ਦਖਲ ਦੇਂਦੀਆਂ ਹਨ ਜੋ ਉਥੇ ਕਲੇਸ਼ ਦਾ ਕਾਰਨ ਬਣਦਾ ਹੈ। ਜਿਹੜੀ ਚੰਗਿਆੜੀ ਨੂੰਹ-ਸੱਸ ਦੇ ਝਗੜੇ ਤੋਂ ਸ਼ੁਰੂ ਹੁੰਦੀ ਹੈ, ਉਹ ਇਕਦਮ ਭਾਂਬੜ ਬਣ ਕੇ ਫੈਲਦੀ ਅਤੇ ਦੋਹਾਂ ਪਰਵਾਰਾਂ ਦੀਆਂ ਖ਼ੁਸ਼ੀਆਂ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ। ਨੂੰਹ-ਸੱਸ ਦੇ ਝਗੜੇ ਵਿੱਚ ਲੜਕਾ ਵਿਚਾਰਾ ਦੋ ਪੁੜਾਂ ਵਿੱਚ ਇਕੱਲਾ ਪਿਸਦਾ ਰਹਿੰਦਾ ਹੈ। ਨਾ ਉਹ ਮਾਂ ਨੂੰ ਘਰੋਂ ਕੱਢ ਸਕਦਾ ਹੈ ਅਤੇ ਨਾ ਪਤਨੀ ਛੱਡ ਸਕਦਾ ਹੈ। ਗੱਲ ਵਧ ਜਾਏ ਤਾਂ ਪਵਿੱਤਰ ਰਿਸ਼ਤੇ ਟੁੱਟਦੇ ਹਨ। ਬੱਚੇ ਰੁਲਦੇ ਹਨ। ਸਭ ਸੰਤਾਪ ਭੋਗਦੇ ਹਨ। ਲੋਕ ਟਿੱਚਰਾਂ ਕਰਦੇ ਹਨ।

ਕਈ ਔਰਤਾਂ ਆਪਣੀਆਂ ਧੀਆਂ ਨੂੰ ਨੂੰਹਾਂ ਤੋਂ ਉਚਾ ਦਰਜਾ ਅਤੇ ਜ਼ਿਆਦਾ ਸਨਮਾਨ ਦਿੰਦੀਆਂ ਹਨ। ਉਹ ਨੂੰਹਾਂ ਨੂੰ ਘਟੀਆਂ ਸਮਝਦੀਆਂ ਤੇ ਨੌਕਰਾਂ ਵਾਂਗ ਛੋਟੇ ਛੋਟੇ ਕੰਮਾਂ ਉੱਤੇ ਲਾਈ ਰੱਖਦੀਆਂ ਹਨ। ਇਸ ਤਰ੍ਹਾਂ ਨੂੰਹਾਂ ਦਾ ਅਪਮਾਨ ਹੁੰਦਾ ਹੈ ਤੇ ਉਨ੍ਹਾਂ ਦਾ ਘਰ ਵਿੱਚ ਦਮ ਘੁੱਟਣ ਲੱਗਦਾ ਹੈ। ਇਸੇ ਤਰ੍ਹਾਂ ਕਈ ਨੂੰਹਾਂ ਸੱਸਾਂ ਨੂੰ ਮਾਂ ਬਰਾਬਰ ਨਹੀਂ ਸਮਝਦੀਆਂ ਤੇ ਉਨ੍ਹਾਂ ਨਾਲ ਕੌੜਾ ਬੋਲਦੀਆਂ ਹਨ। ਉਨ੍ਹਾਂ ਤੋਂ ਨੌਕਰਾਣੀਆਂ ਵਾਂਗ ਕੰਮ ਲੈਂਦੀਆਂ ਹਨ। ਗੱਲ ਗੱਲ ਉੱਤੇ ਉਨ੍ਹਾਂ ਦਾ ਅਪਮਾਨ ਕਰਦੀਆਂ ਹਨ ਜਿਵੇਂ ਉਹ ਆਪ ਇਕੱਲੀਆਂ ਘਰ ਦੀਆਂ ਮਾਲਕਣਾਂ ਹੋਣ। ਇੱਥੇ ਨੂੰਹਾਂ ਤੇ ਸੱਸਾਂ ਦੋਹਾਂ ਦਾ ਵਿਹਾਰ ਗ਼ਲਤ ਹੈ। ਰਿਸ਼ਤੇ ਵਿਸ਼ਵਾਸ ਉੱਤੇ ਕਾਇਮ ਰਹਿੰਦੇ ਹਨ। ਇੱਕ ਦੂਜੇ ਉੱਤੇ ਸ਼ੱਕ ਨਹੀਂ ਕਰਨਾ ਚਾਹੀਦਾ। ਸ਼ੱਕ ਨਾਲ ਰਿਸ਼ਤਿਆਂ ਵਿੱਚ ਤਰੇੜ ਪੈ ਜਾਂਦੀ ਹੈ। ਘਰ ਉਜੜ ਜਾਂਦੇ ਹਨ। ਇਸ ਲ ਚੁਗਲਖੋਰਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ।

ਸਾਂਝੇ ਪਰਵਾਰ ਦੇ ਬਹੁਤ ਲਾਭ ਹਨ। ਸਾਂਝੇ ਪਰਵਾਰ ਦੀ ਏਕਤਾ ਨੂੰ ਕੋਈ ਭੰਗ ਨਹੀਂ ਕਰ ਸਕਦਾ। ਪਰਵਾਰ ਉੱਤੇ ਕੋਈ ਬਿਪਤਾ ਆ ਪਏ ਤਾਂ ਸਾਰੇ ਰਲ ਕੇ ਉਸ ਨਾਲ ਨਜਿੱਠ ਲੈਂਦੇ ਹਨ। ਖ਼ੁਸ਼ੀ ਦੇ ਮੌਕੇ ਉੱਤੇ ਸਾਂਝੇ ਪਰਵਾਰ ਦੀ ਸ਼ਾਨ ਹੀ ਅਲੱਗ ਹੁੰਦੀ ਹੈ। ਸਾਂਝੇ ਪਰਵਾਰ ਵਿੱਚ ਬੱਚੇ ਰਿਸ਼ਤਿਆਂ ਦੀ ਕਦਰ ਕਰਨਾ ਸਿੱਖਦੇ ਹਨ ਅਤੇ ਉਨ੍ਹਾਂ ਨੂੰ ਚੰਗੇ ਸੰਸਕਾਰ ਮਿਲਦੇ ਹਨ। ਸੱਸ ਦਾ ਰਿਸ਼ਤਾ ਬਹੁਤ ਉਚਾ ਤੇ ਸਨਮਾਨਯੋਗ ਹੁੰਦਾ ਹੈ। ਸੱਸਾਂ ਕੋਲ ਗਿਆਨ ਦਾ ਵਡਮੁੱਲਾ ਭੰਡਾਰਾ ਹੁੰਦਾ ਹੈ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਕਿਸ ਨਾਲ ਕਿਵੇਂ ਵਰਤਣਾ ਹੈ ਤੇ ਪਰਵਾਰ ਕਿਵੇਂ ਇੱਕਮੁੱਠ ਰੱਖਣਾ ਹੈ। ਪੋਤੇ-ਪੋਤੀਆਂ ਨੂੰ ਪਾਲਣ ਅਤੇ ਸੁਚੱਜੇ ਸੰਸਕਾਰ ਦੇਣ ਵਿੱਚ ਉਨ੍ਹਾਂ ਦਾ ਬਹੁਤ ਵੱਡਾ ਹੱਥ ਹੁੰਦਾ ਹੈ। ਉਹ ਪਰਵਾਰ ਦਾ ਥੰਮ੍ਹ ਹੁੰਦੀਆਂ ਹਨ। ਉਹ ਹਰ ਤੂਫ਼ਾਨ ਅੱਗੇ ਡਟ ਜਾਂਦੀਆਂ ਹਨ। ਉਹ ਆਪ ਦੁੱਖ ਸਹਿ ਲੈਂਦੀਆਂ ਹਨ, ਪਰ ਆਪਣੇ ਪਰਵਾਰ ਦੇ ਕਿਸੇ ਜੀਅ ਨੂੰ ਤੱਤੀ ਵਾਅ ਨਹੀਂ ਲੱਗਣ ਦਿੰਦੀਆਂ। ਪਰਵਾਰ ਨੂੰ ਉਨ੍ਹਾਂ ਦਾ ਰੱਬ ਵਰਗਾ ਆਸਰਾ ਹੁੰਦਾ ਹੈ। ਉਸ ਕਾਰਨ ਹੀ ਨੂੰਹਾਂ ਨੂੰ ਪਤੀ ਰੂਪ ਅਨਮੋਲ ਦਾਤ ਮਿਲਦੀ ਹੈ, ਜਿਸ ਨੇ ਦੁੱਖ ਸੁੱਖ ਵਿੱਚ ਉਸਦਾ ਸਾਰੀ ਉਮਰ ਦਾ ਹਮਸਫ਼ਰ ਬਣਨਾ ਹੁੰਦਾ ਹੈ ਅਤੇ ਬੱਚਿਆਂ ਦੇ ਰੂਪ ਵਿੱਚ ਅਨਮੋਲ ਦਾਤ ਮਿਲਣੀ ਹੁੰਦੀ ਹੈ। ਇਸ ਲਈ ਸੱਸ ਨੂੰ ਮਾਂ ਵਾਂਘ ਪੂਰਾ ਸਤਿਕਾਰ ਦੇਣਾ ਚਾਹੀਦਾ ਹੈ। ਇਸ ਰਿਸ਼ਤੇ ਨੂੰ ਕਿਸੇ ਹਾਲਤ ਵਿੱਚ ਨਹੀਂ ਗਵਾਉਣਾ ਚਾਹੀਦਾ। ਚੰਗੀ ਨੂੰਹ ਕੱਲ੍ਹ ਨੂੰ ਚੰਗੀ ਸੱਸ ਬਣ ਸਕਦੀ ਹੈ। ਜੇ ਲੜਕੀਆਂ ਆਪਣੇ ਸੱਸ-ਸਹੁਰੇ ਨੂੰ ਮਾਂ-ਪਿਓ ਵਾਂਗ ਸਮਝਣ ਤਾਂ ਸਾਂਝੇ ਪਰਵਾਰ ਸਵਰਗ ਦਾ ਨਮੂਨਾ ਬਣ ਸਕਦੇ ਹਨ।

ਨੂੰਹ-ਸੱਸ ਦੀ ਖਿਚੋ-ਤਾਣੀ ਨਾ ਕੇਵਲ ਇਕੱਲੀਆਂ ਸੱਸਾਂ ਦਾ ਕਸੂਰ ਹੁੰਦਾ ਹੈ ਤੇ ਨਾ ਨੂੰਹਾਂ ਦਾ। ਤਾੜੀ ਦੋਹਾਂ ਹੱਥਾਂ ਨਾਲ ਵੱਜਦੀ ਹੈ। ਸਾਰੀ ਸਮੱਸਿਆ ਉੱਤੇ ਗੰਭੀਰਤਾ ਨਾਲ ਪੜਚੋਲ ਕਰ ਕੇ ਬਦਲੇ ਹੋਏ ਹਾਲਾਤ ਅਨੁਸਾਰ ਨੂੰਹ-ਸੱਸ ਦੇ ਰਿਸ਼ਤੇ ਨੂੰ ਸੁਖਾਵਾਂ ਮੋੜ ਦੇਣ ਦੀ ਲੋੜ ਹੈ। ਸਭ ਨੂੰ ਬਦਲੇ ਹੋਏ ਹਾਲਾਤ ਅਨੁਸਾਰ ਆਪਣੇ ਆਪ ਨੂੰ ਢਾਲ ਕੇ ਮਾਹੌਲ ਨੂੰ ਸੁਖਾਵਾਂ ਬਣਾਉਣ ਦੀ ਲੋੜ ਹੈ। ਸਭ ਤੋਂ ਪਹਿਲੀ ਗੱਲ ਕਿ ਸਮਾਜ ਅਤੇ ਪਰਵਾਰ ਵਿੱਚ ਔਰਤ ਦਾ ਦਰਜਾ ਪਹਿਲਾਂ ਵਾਲਾ ਨਹੀਂ ਰਿਹਾ। ਆਪਣੀ ਇਸ ਹੋਂਦ ਨੂੰ ਬਰਕਾਰ ਰੱਖਣ ਲਈ ਉਸ ਨੂੰ ਬਹੁਤ ਸੰਘਰਸ਼ ਕਰਨਾ ਪੈ ਰਿਹਾ ਹੈ। ਉਸ ਨੂੰ ਦਫ਼ਤਰ ਅਤੇ ਘਰ ਦਾ ਦੂਹਰਾ ਕੰਮ ਕਰਨਾ ਪੈ ਰਿਹਾ ਹੈ। ਉਹ ਸਰੀਰਕ ਅਤੇ ਮਾਨਸਿਕ ਤੌਰ ਉੱਤੇ ਬਹੁਤ ਥੱਕ ਜਾਂਦੀ ਹੈ। ਜਿਸ ਕਾਰਨ ਉਸ ਨੂੰ ਘਰੇਲੂ ਕੰਮਕਾਰ ਵਿੱਚ ਪਤੀ ਜਾਂ ਸੱਸ ਦੇ ਸਹਿਯੋਗ ਦੀ ਲੋੜ ਹੈ। ਇਸ ਸੱਚਾਈ ਨੂੰ ਮੰਨਣ ਚਾਹੀਦਾ ਹੈ ਅਤੇ ਨੂੰਹਾਂ ਤੋਂ ਆਪਣਾ ਦਬਦਬਾ ਘਟਾਉਣਾ ਚਾਹੀਦਾ ਹੈ। ਘਰ ਦੇ ਸਾਰੇ ਜੀਆਂ ਨੂੰ ਹਮੇਸ਼ਾਂ ਦੂਜੇ ਪ੍ਰਤੀ ਚੰਗੀ ਭਾਵਨਾ ਅਤੇ ਜ਼ੁਬਾਨ ਵਿੱਚ ਮਿਠਾਸ ਰੱਖਣੀ ਚਾਹੀਦੀ ਹੈ। ਸਾਂਝੇ ਪਰਵਾਰ ਸਮਾਜ ਦੇ ਮਜ਼ਬੂਤ ਥੰਮ੍ਹ ਹਨ। ਜੇ ਨੂੰਹਾਂ ਤੇ ਸੱਸਾਂ ਪਿਆਰ ਨਾਲ ਰਲ ਬੈਠਣ ਤਾਂ ਸਾਂਝੇ ਪਰਵਾਰਾਂ ਨੂੰ ਟੁੱਟਣ ਤੋਂ ਕਾਫ਼ੀ ਹੱਦ ਤੱਕ ਬਚਾ ਸਕਦੀਆਂ ਹਨ। ਅੱਜਕੱਲ੍ਹ ਲੜਕੀਆਂ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਇੱਕ ਦਿਨ ਉਨ੍ਹਾਂ ਨੇ ਵੀ ਸੱਸ ਬਣਨਾ ਹੈ ਅਤੇ ਉਨ੍ਹਾਂ ਨੂੰ ਵੀ ਆਪਣੇ ਪਰਵਾਰ ਵਿੱਚ ਸੁਚੱਜੀ ਮਰਿਆਦਾ ਕਾਇਮ ਰੱਖਣੀ ਪੈਣੀ ਹੈ। ਨੂੰਹ-ਸੱਸ ਦੇ ਰਿਸ਼ਤੇ ਨੂੰ ਪਿਆਰ ਅਤੇ ਵਿਸ਼ਵਾਸ ਨਾਲ ਸੋਹਣੀ ਤਰ੍ਹਾਂ ਨਿਭਾਇਆ ਜਾ ਸਕਦਾ ਹੈ। ਇਹ ਰਿਸ਼ਤਾ ਕਦੀ ਕੁਦਰਤੀ ਮੌਤ ਨਹੀਂ ਮਰਦਾ। ਇਸ ਦਾ ਹਮੇਸ਼ਾ ਕਤਲ ਹੁੰਦਾ ਹੈ, ਕਦੀ ਗ਼ਲਤ ਸੋਚ ਨਾਲ, ਕਦੀ ਰੁੱਖੇ ਸੁਭਾਅ ਨਾਲ ਅਤੇ ਕਦੀ ਹੰਕਾਰ ਨਾਲ ਅਤੇ ਕਦੀ ਮਤਲਬਪ੍ਰਸਤੀ ਤੇ ਹੰਕਾਰ ਨਾਲ।

ਨੂੰਹ-ਸੱਸ ਦੇ ਰਿਸ਼ਤੇ ਦਾ ਸਤਿਕਾਰ ਕਰੋ। ਫਿਰ ਦੇਖੋ ਤੁਹਾਡੀ ਜ਼ਿੰਦਗੀ ਕਿੰਨੀ ਸ਼ਾਂਤਮਈ ਹੁੰਦੀ ਹੈ। ਆਪਣੇ ਸੁੱਖ ਦੀ ਸਿਰਜਣਾ ਆਪ ਕਰਨੀ ਹੁੰਦੀ ਹੈ। ਜੋ ਖੁਦ ਨੂੰ ਬਦਲਣ ਲਈ ਤਿਆਰ ਹੁੰਦੇ ਹਨ, ਉਨ੍ਹਾਂ ਦੀ ਜ਼ਿੰਦਗੀ ਸਦਾ ਸੁਖੀ ਅਤੇ ਕਾਮਯਾਬ ਹੁੰਦੀ ਹੈ। ਪਰਵਾਰ ਦੀ ਬਜ਼ੁਰਗ ਔਰਤ (ਸੱਸ) ਇੱਕ ਧਾਗੇ ਦੀ ਤਰ੍ਹਾਂ ਹੁੰਦੀ ਹੈ ਜੋ ਸਾਰੇ ਮਣਕਿਆਂ (ਜੀਆਂ) ਨੂੰ ਇੱਕ ਮਾਲਾ ਵਾਂਗ ਪਰੋ ਕੇ ਰੱਖਦੀ ਹੈ। ਜੇ ਉਹ ਧਾਗਾ ਟੁੱਟ ਜਾਏ ਤਾਂ ਮਣਕੇ ਬਿਖ਼ਰ ਜਾਂਦੇ ਹਨ। ਯਾਦ ਰੱਖੋ ਅਮੀਰ ਉਹ ਨਹੀਂ ਹੁੰਦੇ ਜਿੱਥੇ ਸੋਨੇ ਚਾਂਦੀ ਦੇ ਢੇਰ ਹੋਣ। ਅਮੀਰ ਉਹ ਹੁੰਦੇ ਹਨ ਜਿੱਥੇ ਨੂੰਹਾਂ, ਧੀਆਂ ਅਤੇ ਸੱਸਾਂ ਖੁਸ਼ ਹੋਣ। ਕਾਮਯਾਬ ਸੰਯੁਕਤ ਪਰਵਾਰ ਲਈ ਦੋਹਾਂ ਨੂੰ ਸਿਆਣਪ ਤੋਂ ਕੰਮ ਲੈਣ ਦੀ ਲੋੜ ਹੈ ਤਾਂ ਕਿ ਘਰ ਵਿੱਚ ਸ਼ਾਂਤੀ ਬਣੀ ਰਹੇ ਅਤੇ ਬੱਚਿਆਂ ਨੂੰ ਚੰਗੇ ਸੰਸਕਾਰ ਮਿਲਦੇ ਰਹਿਣ ਅਤੇ ਗੁਲਜ਼ਾਰ ਖਿੜਿਆ ਰਹੇ।

## ਮਿੰਨੀ ਕਹਾਣੀ

## ਕਿਰਾਏਦਾਰ ਦੀ ਕਾਰ

-ਵਿਸ਼ਣੂ ਚੌਧਰੀ-

ਉਸ ਗਲੀ ਵਿੱਚ ਰਾਹੁਲ ਅਤੇ ਉਸ ਦੇ ਚਾਚੇ ਦੀਆਂ ਕਾਰਾਂ ਖੜ੍ਹੀਆਂ ਹੁੰਦੀਆਂ ਸਨ। ਫਿਰ ਇੱਕ ਦਿਨ ਰਾਹੁਲ ਦੇ ਕਿਰਾਏਦਾਰ ਰਾਜੂ ਨੇ ਵੀ ਕਾਰ ਖਰੀਦ ਲਈ, ਜਿਸ ਨੂੰ ਉਹ ਉਸੇ ਗਲੀ ਵਿੱਚ ਖੜ੍ਹਾ ਕਰਨ ਲੱਗਾ।ਇੱਕ ਦਿਨ ਰਾਜੂ ਦੀ ਕਾਰ ਕੱਢਣ ਲਈ ਚਾਚਾ ਜੀ ਨੂੰ ਆਪਣੀ ਕਾਰ ਕੱਢਣੀ ਪਈ ਤਾਂ ਰਾਜੂ ਨੂੰ ਬੋਲੇ, "ਤੁਹਾਡੀ ਕਾਰ ਦਾ ਸਿਰਦਰਦ ਸਹਿਣਾ ਪਵੇਗਾ, ਪਹਿਲਾਂ ਦੋ ਕਾਰਾਂ ਦੀ ਪ੍ਰੇਸ਼ਾਨੀ ਸੀ, ਅੱਜਕੱਲ੍ਹ ਤਿੰਨ ਕਾਰਾਂ ਹੋ ਗਈਆਂ।" ਰਾਜੂ ਨੂੰ ਰਾਤ ਵੇਲੇ ਨੀਂਦ ਨਹੀਂ ਆਈ, ਸੋਚਦਾ ਰਿਹਾ ਕਿ ਚਾਚਾ ਪਹਿਲਾਂ ਕੂੜੇ ਅਤੇ ਕੁਝ ਹੋਰ ਗੱਲਾਂ ਨੂੰ ਲੈ ਕੇ ਡਾਂਟ ਚੁੱਕੇ ਹਨ। ਅੱਜ ਕਾਰ ਨੂੰ ਲੈ ਕੇ ਮੈਨੂੰ ਝਿੜਕ ਦਿੱਤਾ, ਜਦ ਕਿ ਚਾਚਾ ਜੀ ਦਾ ਨਰਮਦਿਲੀ ਪੂਰੇ ਇਲਾਕੇ ਵਿੱਚ ਮਸ਼ਹੂਰ ਸੀ।

ਇੱਕ ਦਿਨ ਚਾਚਾ ਜੀ ਨੂੰ ਗੁਆਂਢ ਤੋਂ ਕੁਝ ਰੌਲਾ ਸੁਣਾਈ ਦਿੱਤਾ। ਉਹ ਦੌੜੇ-ਦੌੜੇ ਪਹੁੰਚੇ ਤਾਂ ਦੇਖਿਆ ਕਿ ਰਾਜੂ ਦੀ ਪੰਜ ਸਾਲ ਦੀ ਬੱਚੀ ਦਾ ਸਿਰ ਖੇਡਦੇ ਹੋਏ ਪੌੜੀਆਂ ਦੀ ਰੇਲਿੰਗ ਨਾਲ ਟਕਰਾ ਗਿਆ ਸੀ ਤੇ ਕਾਫੀ ਖੂਨ ਨਿਕਲ ਰਿਹਾ ਸੀ। ਰਾਜੂ ਦੀ ਕਾਰ ਸਭ ਤੋਂ ਅੱਗੇ ਸੀ, ਰਾਹੁਲ ਦੀ ਕਾਰ ਸਭ ਤੋਂ ਅੱਗੇ ਸੀ, ਰਾਹੁਲ ਦੀ ਵਿਚਕਾਰ ਤੇ ਚਾਚਾ ਜੀ ਦੀ ਕਾਰ ਪਿੱਛੇ ਮੇਨ ਸੜਕ ਵੱਲ ਸੀ। ਰਾਜੂ ਬਦਹਵਾਸ ਕਹਿਣ ਲੱਗਾ, "ਚਾਚਾ ਜੀ ਤੁਸੀਂ ਆਪਣੀ ਕਾਰ ਬਾਹਰ ਕੱਢੋ, ਮੈਂ ਕਾਰ ਵਿੱਚ ਬੱਚੀ ਨੂੰ ਹਸਪਤਾਲ ਲੈ ਕੇ ਜਾਣਾ ਹੈ।" ਚਾਚਾ ਨੇ ਕਾਰ ਬਾਹਰ ਕੱਢੀ ਤੇ ਜ਼ੋਰ ਨਾਲ ਬੋਲੇ, "ਕੋਈ ਆਪਣੀ ਕਾਰ ਨਾ ਕੱਢੇ, ਜਲਦੀ ਨਾਲ ਬੱਚੀ ਨੂੰ ਮੇਰੀ ਕਾਰ ਵਿੱਚ ਲੈ ਆਓ।" ਰਾਜੂ ਅਤੇ ਉਸ ਦੀ ਪਤਨੀ ਬੱਚੀ ਨੂੰ ਲੈ ਕੇ ਕਾਰ ਵਿੱਚ ਬੈਠ ਗਏ ਅਤੇ ਚਾਚਾ ਜੀ ਨੇ ਕਾਰ ਹਸਪਤਾਲ ਵੱਲ ਦੌੜਾ ਦਿੱਤੀ। ਹਸਪਤਾਲ ਪਹੁੰਚਦੇ ਹੀ ਡਾਕਟਰਾਂ ਨੇ ਬੱਚੀ ਦੇ ਸਿਰ ਵਿੱਚ ਪੰਜ ਟਾਂਕੇ ਲਾਏ ਤਾਂ ਖ਼ੂਨ ਨਿਕਲਣਾ ਬੰਦ ਹੋਇਆ। ਡਾਕਟਰ ਬੋਲੇ, "ਜੇ ਪੰਜ ਮਿੰਟ ਵੀ ਦੇਰੀ ਹੁੰਦੀ ਤਾਂ ਬੱਚੀ ਦੀ ਜਾਨ ਨੂੰ ਖਤਰਾ ਸੀ।" ਚਾਚਾ ਜੀ ਨੇ ਹਸਪਤਾਲ ਦਾ ਬਿਲ ਚੁਕਾਇਆ। ਘਰ ਵਾਪਸ ਆਏ ਤਾਂ ਰਾਜੂ ਨਮ ਅੱਖਾਂ ਨਾਲ ਚਾਚਾ ਨੂੰ ਇੱਕ ਟਕ ਦੇਖ ਰਿਹਾ ਸੀ। ਚਾਚਾ ਜੀ ਪ੍ਰਤੀ ਸਾਰੀ ਮਾੜੀ ਸੋਚ ਤੇ ਸ਼ਿਕਾਇਤਾਂ ਉਸ ਦੇ ਅੱਥਰੂਆਂ ਨਾਲ ਧੁਲ ਚੁੱਕੀਆਂ ਸਨ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

# ਅੱਜ ਦੇ ਸੁਆਰਥੀ ਅਤੇ ਬੇਈਮਾਨ ਸੰਸਾਰ ਵਿੱਚ ਇੱਕ ਮਾਂ ਦੀ ਕੀਮਤ



ਮਾਂ ਦਿਵਸ ਹਰ ਸਾਲ ਮਈ ਦੇ ਦੂਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ; ਇਸ ਲਈ ਇਸ ਸਾਲ 8 ਮਈ ਨੂੰ ਮਾਂ ਦਿਵਸ ਮਨਾਇਆ ਜਾਵੇਗਾ। ਇਸ ਨਾਸ਼ਵਾਨ ਜੀਵਨ ਵਿੱਚ ਇੱਕ ਰਿਸ਼ਤਾ ਹੈ ਜੋ ਇਸ ਧਰਤੀ ਦੇ ਬਾਕੀ ਸਾਰੇ ਜਾਣੇ-ਪਛਾਣੇ ਰਿਸ਼ਤਿਆਂ ਤੋਂ ਉਪਰ ਹੈ। ਆਪਣਾ ਸਿਰ ਬਹੁਤਾ ਨਾ ਖੁਰਚੋ ਕਿਉਂਕਿ ਉਹ ਅਸਾਧਾਰਨ ਰਿਸ਼ਤਾ ਹੋਰ ਕੋਈ ਨਹੀਂ ਸਗੋਂ ਮਾਂ ਦਾ ਹੈ, ਜੋ ਉਸਦੇ ਪਰਿਵਾਰ ਪ੍ਰਤੀ ਅਣਗਿਣਤ ਪਿਆਰ, ਸਮਰਪਣ ਅਤੇ ਸ਼ਰਧਾ ਦੇ ਲਿਹਾਜ਼ ਨਾਲ ਸੱਚਮੁੱਚ ਅਨਮੋਲ ਹੈ।

ਦੁਨੀਆ ਭਰ ਦੀਆਂ ਸਾਰੀਆਂ ਮਾਵਾਂ ਦਾ ਸਨਮਾਨ ਕਰਨ ਲਈ 46 ਤੋਂ ਵੱਧ ਦੇਸ਼ਾਂ ਵਿੱਚ ਮਾਂ ਦਿਵਸ ਮਨਾਇਆ ਜਾਂਦਾ ਹੈ। ਮਾਵਾਂ ਲਈ ਇੱਕ ਖਾਸ ਦਿਨ, ਜਿਨ੍ਹਾਂ ਨੂੰ ਅਕਸਰ ਸਾਡੇ ਮਰਦ-ਪ੍ਰਧਾਨ ਸੰਸਾਰ ਵਿੱਚ ਪੈਰ ਦੀ ਜੁਤੀ ਜਾਂ ਚਾਰ ਦੀਵਾਰੀ ਵਿਚ ਬੰਦ ਕਰਕੇ ਉਸ ਤੇ ਅਣਗਿਣਤ ਜ਼ੁਲਮ ਕੀਤੇ ਜਾਂਦੇ ਹਨ।

*ਮਾਂ ਦਿਵਸ ਦਾ ਮੂਲ*

1908 ਵਿੱਚ, ਅੰਨਾ ਜਾਰਵਿਸ ਨੇ ਆਪਣੀ ਮਾਂ, ਐਨ ਜਾਰਵਿਸ, ਇੱਕ ਸ਼ਾਂਤੀ ਪ੍ਰਚਾਰਕ ਲਈ ਇੱਕ ਸਮਾਰਕ ਸਥਾਪਿਤ ਕੀਤਾ ਜੋ ਸਿਵਲ ਯੁੱਧ ਦੇ ਜ਼ਖਮੀ ਸਿਪਾਹੀਆਂ ਦੀ ਦੇਖਭਾਲ ਕਰਦੀ ਸੀ। ਇਹ ਸਮਾਰੋਹ ਪੱਛਮੀ ਵਰਜੀਨੀਆ ਦੇ ਗ੍ਰਾਫਟਨ ਵਿੱਚ ਅੰਤਰਰਾਸ਼ਟਰੀ ਮਾਂ ਦਿਵਸ ਦੇ ਅਸਥਾਨ ਵਿੱਚ ਆਯੋਜਿਤ ਕੀਤਾ ਗਿਆ ਸੀ। ਅੰਨਾ ਜਾਰਵਿਸ ਨੇ 1905 ਵਿੱਚ ਅਮਰੀਕਾ ਵਿੱਚ ਮਾਂ ਦਿਵਸ ਦੀ ਮਾਨਤਾ ਲਈ ਲਾਬਿੰਗ ਸ਼ੁਰੂ ਕੀਤੀ, ਜਦੋਂ ਉਸਦੀ ਮਾਂ ਦੀ ਮੌਤ ਹੋ ਗਈ। ਉਹ ਉਨ੍ਹਾਂ ਸਾਰੀਆਂ ਮਾਵਾਂ ਦਾ ਸਨਮਾਨ ਕਰਨਾ ਚਾਹੁੰਦੀ ਸੀ ਜਿਨ੍ਹਾਂ ਨੇ ਆਪਣੇ ਪਰਿਵਾਰ ਅਤੇ ਸਮਾਜ ਨੂੰ ਬਹੁਤ ਕੁਝ ਦਿੱਤਾ ਹੈ। ਉਸਦੇ ਅਣਥੱਕ ਯਤਨਾਂ ਦੇ ਕਾਰਨ, ਜ਼ਿਆਦਾਤਰ ਅਮਰੀਕੀ ਰਾਜਾਂ ਨੇ 1911 ਤੱਕ ਮਾਂ ਦਿਵਸ ਨੂੰ ਰਾਜ ਦੀ ਛੁੱਟੀ ਵਜੋਂ ਮਨਾਉਣਾ ਸ਼ੁਰੂ ਕੀਤਾ, ਪੱਛਮੀ ਵਰਜੀਨੀਆ 1910 ਵਿੱਚ ਅਜਿਹਾ ਕਰਨ ਵਾਲਾ ਪਹਿਲਾ ਦੇਸ਼ ਸੀ। ਮਦਰਜ਼ ਡੇ ਦੀ ਸਥਾਪਨਾ 1914 ਵਿੱਚ ਵੁਡਰੋ ਵਿਲਸਨ ਦੁਆਰਾ ਕੀਤੀ ਗਈ ਸੀ, ਜਿਸਨੇ ਇਸ ਦੇ 28ਵੇਂ ਰਾਸ਼ਟਰਪਤੀ ਵਜੋਂ ਸੇਵਾ ਨਿਭਾਈ ਸੀ। ਸੰਯੁਕਤ ਰਾਜ ਅਮਰੀਕਾ. ਉਸਨੇ ਇੱਕ ਘੋਸ਼ਣਾ ਪੱਤਰ 'ਤੇ ਹਸਤਾਖਰ ਕੀਤੇ ਜਿਸ ਵਿੱਚ ਕਿਹਾ ਗਿਆ ਸੀ ਕਿ ਮਈ ਦੇ ਦੂਜੇ ਐਤਵਾਰ ਨੂੰ "ਮਾਂ ਦਿਵਸ" ਕਿਹਾ ਜਾਣਾ ਚਾਹੀਦਾ ਹੈ।



ਸੁਰਜੀਤ ਸਿੰਘ ਫਲੋਰਾ

ਅਸੀਂ ਮਾਂ ਦਿਵਸ ਕਿਉਂ ਮਨਾਉਂਦੇ ਹਾਂ?

ਮਾਂ ਦਿਵਸ ਮਾਂਵਾਂ ਲਈ ਸਤਿਕਾਰ, ਸਨਮਾਨ ਅਤੇ ਪਿਆਰ ਦਾ ਵਿਸ਼ਵਵਿਆਪੀ ਜਸ਼ਨ ਹੈ। ਇਹ ਮਾਵਾਂ ਦੇ ਸਬੰਧਾਂ ਦੇ ਯਤਨਾਂ ਅਤੇ ਸਾਡੇ ਸਮਾਜ ਵਿੱਚ ਮਾਵਾਂ ਦੀ ਮਹੱਤਤਾ ਨੂੰ ਪਛਾਣਨ ਦਾ ਦਿਨ ਹੈ। ਹਾਲਾਂਕਿ ਤਾਰੀਖਾਂ ਪ੍ਰਤੀ ਦੇਸ਼ ਵੱਖ-ਵੱਖ ਹੁੰਦੀਆਂ ਹਨ, ਤਿਉਹਾਰ ਆਮ ਤੌਰ 'ਤੇ ਮਾਰਚ ਜਾਂ ਮਈ ਵਿੱਚ ਹੁੰਦੇ ਹਨ। ਮਾਂ ਦਿਵਸ ਹੋਰ ਜਸ਼ਨਾਂ ਜਿਵੇਂ ਕਿ ਪਿਤਾ ਦਿਵਸ, ਭੈਣ-ਭਰਾ ਦਿਵਸ, ਦਾਦਾ-ਦਾਦੀ ਦਿਵਸ, ਦਿਵਸ ਮਨਾਏ ਜਾਂਦੇ ਹਨ।

ਇਹ ਆਪਣਾ , ਪਿਆਰ , ਸਤਿਕਾਰ ਦਿਖਾਉਣ ਦਾ ਦਿਨ ਹੈ ਕਿ ਮਾਵਾਂ ਸਾਡੇ ਜੀਵਨ ਵਿੱਚ ਕਿੰਨੀਆਂ ਮਹੱਤਵਪੂਰਨ ਹਨ ਅਤੇ ਦੁਨੀਆ ਦੀਆਂ ਸਾਰੀਆਂ ਮਾਵਾਂ ਦਾ ਧੰਨਵਾਦ ਕਰਨ ਲਈ।

*ਮਾਂ ਦਿਵਸ ਦੀ ਮਹੱਤਤਾ*

ਮਾਂ ਦਿਵਸ ਮਾਂ ਦੀ ਕੁਰਬਾਨੀ ਅਤੇ ਨਿਰਸਵਾਰਥ ਪਿਆਰ ਲਈ ਧੰਨਵਾਦ ਪ੍ਰਗਟ ਕਰਨ ਲਈ ਮਨਾਇਆ ਜਾਂਦਾ ਹੈ। ਅੱਜ ਦੀ ਔਰਤ ਪਹਿਲਾਂ ਨਾਲੋਂ ਕਿਤੇ ਮਾਡਰਨ ਅਤੇ ਮਜ਼ਬੂਤ ਹੈ। ਮਾਵਾਂ ਦੇ ਅਕਸ 'ਚ ਜ਼ਮੀਨ ਅਸਮਾਨ ਦਾ ਫ਼ਰਕ ਆਇਆ ਹੈ ਪਰ ਮਮਤਾ ਅੱਜ ਵੀ ਉਹੀ ਹੈ। ਇਸ ਦਿਨ ਬੱਚੇ ਆਪਣੀ ਮਾਂ ਲਈ ਕਾਰਡ ਬਣਾਉਂਦੇ ਹਨ ਅਤੇ ਆਪਣੀਆਂ ਭਾਵਨਾਵਾਂ ਨੂੰ ਉਸ 'ਚ ਜ਼ਾਹਿਰ ਕਰਦੇ ਹਨ। ਕੁੱਝ ਬੱਚੇ ਆਪਣੀ ਮਾਂ ਨੂੰ ਇਸ ਦਿਨ ਰਸੋਈ ਤੋਂ ਛੁੱਟੀ ਦੇ ਦਿੰਦੇ ਹਨ ਅਤੇ ਖ਼ੁਦ ਮਾਂ ਲਈ ਸੁਆਦੀ ਪਕਵਾਨ ਬਣਾਉਂਦੇ ਹਨ। ਇਸ ਦਿਨ ਬੱਚੇ ਆਪਣੀ ਮਾਂ ਨੂੰ ਵੰਨ-ਸੁਵੰਨੇ ਤੋਹਫ਼ੇ ਦਿੰਦੇ ਹਨ। ਕੁੱਝ ਲੋਕ ਇਸ ਦਿਨ ਘਰਾਂ ਨੂੰ ਖ਼ੂਬ ਸਜਾਉਂਦੇ ਹਨ ਅਤੇ ਕੇਕ ਵੀ ਕੱਟਦੇ ਹਨ।

ਮਾਂ ਉਹ ਸਕੂਲ ਹੈ ਜਿਸ ਤੋਂ ਬੱਚਾ ਜ਼ਿੰਦਗੀ ਦਾ ਹਰ ਪਹਿਲੂ ਬਿਲਕੁਲ ਮੁਫ਼ਤ ਵਿਚ ਸਿੱਖਦਾ ਹੈ ਅਤੇ ਮੰਜ਼ਿਲ ਵੱਲ ਵਧਦਾ ਹੈ। "ਮਾਂ" ਸ਼ਬਦ ਆਪਣੇ ਆਪ ਵਿੱਚ ਇੱਕ ਵਿਸ਼ਾਲ ਬ੍ਰਹਿਮੰਡ ਵਰਗਾ ਹੈ, ਜਿਸ ਨਾਲ ਨਜਿੱਠਣਾ ਆਸਾਨ ਨਹੀਂ ਹੈ। ਮਾਂ ਸੰਤੁਸ਼ਟੀ, ਦ੍ਰਿੜ੍ਹਤਾ, ਪਿਆਰ ਅਤੇ ਨਿਮਰਤਾ ਦਾ ਪ੍ਰਤੀਕ ਹੈ। ਇਸ ਦੇ ਨਾਲ ਹੀ ਉਹ ਇੱਕ ਚੰਗੀ ਔਰਤ ਦੀ ਭੂਮਿਕਾ ਨਿਭਾਉਂਦੀ ਹੈ।

ਸੰਯੁਕਤ ਰਾਜ ਦੇ ਰਾਸ਼ਟਰਪਤੀ, ਅਬ੍ਰਾਹਮ ਕਿਨੀ, ਨੇ ਇੱਕ ਵਾਰ ਕਿਹਾ ਸੀ, "ਮੈਂ ਜੋ ਹਾਂ ਜਾਂ ਜੋ ਮੈਂ ਹਾਂ ਉਹ ਸਿਰਫ ਆਪਣੀ ਮਾਂ ਦੇ ਕਾਰਨ ਹਾਂ." ਉਹ ਆਪਣੇ ਬੱਚੇ ਨੂੰ ਗਿੱਲੇ ਹੋਣ 'ਤੇ ਵੀ ਸੁੱਕਾ ਰੱਖਦੀ ਹੈ, ਅਤੇ ਉਹ ਭੁੱਖੀ ਰਹਿ ਕੇ ਆਪਣੇ ਬੱਚੇ ਦਾ ਪੇਟ ਭਰਦੀ ਹੈ। ਉਸ ਦਾ ਸਾਰਾ ਜੀਵਨ ਮੋਹ, ਪਿਆਰ, ਸੇਵਾ ਅਤੇ ਤਿਆਗ ਵਿਚ ਬੀਤ ਜਾਂਦਾ ਹੈ। ਮਾਂ ਹਮੇਸ਼ਾ ਬਿਨਾਂ ਸ਼ਰਤ ਅਤੇ ਸ਼ੁੱਧ ਪਿਆਰ ਦਾ ਸਰੋਤ ਹੁੰਦੀ ਹੈ। ਅਮਰੀਕੀ ਲੇਖਕ ਮਿਚ ਐਲਬਮ ਦਾ ਕਹਿਣਾ ਹੈ ਕਿ ਜੇਕਰ ਤੁਸੀਂ ਦੁਨੀਆ ਵਿੱਚ ਬਿਨਾਂ ਸ਼ਰਤ ਪਿਆਰ ਦੀ ਭਾਲ ਕਰ ਰਹੇ ਹੋ, ਤਾਂ ਤੁਸੀਂ ਇਸਨੂੰ ਆਪਣੀ ਮਾਂ ਦੀਆਂ ਨਜ਼ਰਾਂ ਵਿੱਚ ਪਾਓਗੇ।

ਮਾਂ ਦੀ ਸਿਫ਼ਤ ਕਰਨ ਲਈ ਵੈਸੇ ਤਾਂ ਅਸੀਂ ਕੁਦਰਤ ਪਾਸੋਂ ਰੱਬ ਦੀ ਉਸਤਤ ਵੀ ਉਧਾਰ ਮੰਗ ਸਕਦੇ ਹਾਂ ਪਰ ਗੱਲ ਮਾਂ ਦੇ ਉੱਚੇ ਸੁਚੇ ਮਾਣ-ਸਤਿਕਾਰ ਨਾਲ ਜੁੜੀ ਹੈ, ਇਸ ਲਈ ਬਿਨਾਂ ਸ਼ੱਕ ਕਿਹਾ ਜਾ ਸਕਦਾ ਹੈ ਕਿ ਮਾਂ ਦੀਆਂ ਲੋਰੀਆਂ ਵਿਚ ਸਵਰਗ ਵਰਗਾ ਅਨੰਦ ਹੈ, ਜਿਸ ਦੇ ਪਵਿੱਤਰ ਚਰਨਾਂ ਵਿਚੋਂ ਜੰਨਤ ਦਾ ਦੁਆਰ ਖੁੱਲ੍ਹਦਾ ਹੈ ਅਤੇ ਉਸ ਨਿੱਘੀ ਗੋਦ ਵਿਚ ਰੂਹਾਨੀ ਸੁੱਖਾਂ ਦੀ ਖਾਣ ਛੁਪੀ ਹੈ। ਔਲਾਦ ਲਈ ਮਾਂ ਦੀ ਮਿੱਠੜੀ ਜ਼ਬਾਨ 'ਤੇ ਅਸੀਸਾਂ, ਅੱਖਾਂ ਵਿਚ ਸੁਪਨੇ, ਢਿੱਡ ਵਿਚ ਡਰ, ਹਿਰਦੇ 'ਚ ਮਮਤਾ, ਦਿਲ ਵਿਚ ਰਹਿਮ, ਸੋਚਾਂ ਵਿਚ ਫ਼ਿਕਰ ਅਤੇ ਖ਼ੂਨ ਵਿਚ ਅਜ਼ੀਬ ਤੜਪ ਹਮੇਸ਼ਾ ਹੀ ਬਣੀ ਰਹਿੰਦੀ ਹੈ। ਉਹ ਔਲਾਦ ਦੇ ਖ਼ੁਸ਼ ਹੋਣ 'ਤੇ ਹੱਸਦੀ ਹੈ ਤੇ ਦੁਖੀ ਹੋਣ 'ਤੇ ਅੱਖਾਂ ਭਰਦੀ ਹੈ।

ਮਈ ਦੇ ਦੂਜੇ ਐਤਵਾਰ ਨੂੰ ਮਾਂ ਦਿਵਸ ਮਨਾਉਣ ਦਾ ਰਿਵਾਜ ਸ਼ੁਰੂ ਹੋਇਆ, ਜਿਸ ਨੂੰ ਬਹੁਤੇ ਦੇਸ਼ਾਂ ਨੇ ਅਪਣਾ ਲਿਆ ਹੈ। ਯੂਕੇ ਵਿੱਚ ਮਾਰਚ ਦਾ ਚੌਥਾ ਐਤਵਾਰ, ਗ੍ਰੀਸ ਵਿੱਚ 2 ਫਰਵਰੀ, ਉੱਤਰੀ ਕੋਰੀਆ ਵਿੱਚ 16 ਨਵੰਬਰ, ਇਜ਼ਰਾਈਲ ਵਿੱਚ 22 ਮਈ, ਪੋਲੈਂਡ ਵਿੱਚ 26 ਮਈ ਅਤੇ ਅਰਬ ਦੇਸ਼ਾਂ ਵਿੱਚ 21 ਮਾਰਚ ਨੂੰ ਐਤਵਾਰ ਹੈ। ਹਾਲਾਂਕਿ, ਖੋਜਕਰਤਾਵਾਂ ਦਾ ਮੰਨਣਾ ਹੈ ਕਿ ਮਦਰਿੰਗ ਸੰਡੇ 16ਵੀਂ ਸਦੀ ਵਿੱਚ ਇੰਗਲੈਂਡ ਵਿੱਚ ਮਨਾਇਆ ਜਾਂਦਾ ਸੀ।

ਅੱਜ ਦਾ ਯੁੱਗ ਵਿਗਿਆਨ ਅਤੇ ਤਕਨਾਲੋਜੀ ਦਾ ਯੁੱਗ ਹੀ ਨਹੀਂ ਸਗੋਂ ਸਵਾਰਥ ਅਤੇ ਬੇਈਮਾਨੀ ਦਾ ਵੀ ਯੁੱਗ ਹੈ। ਇਸ ਯੁੱਗ ਵਿਚ ਕਈ ਅਜਿਹੇ ਪੁੱਤਰ-ਧੀਆਂ ਵੀ ਹਨ ਜੋ ਬੇਰਹਿਮ ਹੋ ਕੇ ਆਪਣੀ ਮਾਂ ਨੂੰ ਉਨ੍ਹਾਂ ਤੋਂ ਵੱਖ ਕਰ ਦਿੰਦੇ ਹਨ ਜਾਂ ਬੁਢਾਪਾ ਘਰ ਦਾ ਦਰਵਾਜ਼ੇ ਤੇ ਛੱਡ ਦਿੰਦੇ ਹਨ। ਸੱਚ ਤਾਂ ਇਹ ਹੈ ਕਿ ਅਜਿਹਾ ਕਰਨ ਵਾਲਿਆਂ ਤੋਂ ਵੱਧ ਦੁਖੀ ਦੁਨੀਆਂ ਵਿੱਚ ਕੋਈ ਨਹੀਂ ਹੋ ਸਕਦਾ। ਜਦੋਂ ਦੁਨੀਆਂ ਦਾ ਹਰ ਰਿਸ਼ਤਾ ਬਿਪਤਾ ਕਾਰਨ ਤਿਆਗ ਦਿੱਤਾ ਜਾਂਦਾ ਹੈ ਤਾਂ ਮਾਂ ਅੱਜ ਵੀ ਚਟਾਨ ਬਣ ਕੇ ਆਪਣੇ ਬੱਚਿਆਂ ਨਾਲ ਖੜ੍ਹੀ ਹੁੰਦੀ ਹੈ।

ਉਨ੍ਹਾਂ ਦੀ ਮਾਂ ਦੀ ਮਹਾਨਤਾ ਸ਼ਬਦਾਂ ਤੋਂ ਪਰੇ ਹੈ। ਉਹ ਰੱਬ ਦੇ ਅਵਤਾਰਾਂ ਦੀ ਜਨਮਦਾਤਾ ਵੀ ਹੈ। ਇੱਥੋਂ ਤੱਕ ਕਿ ਜਦੋਂ ਵੀ ਰੱਬ ਨੂੰ ਸੰਸਾਰ ਨੂੰ ਬਚਾਉਣ ਲਈ ਇਸ ਸੰਸਾਰ ਵਿੱਚ ਆਉਣਾ ਪਿਆ, ਉਸ ਨੂੰ ਮਾਂ ਦੀ ਕੁੱਖ ਤੋਂ ਹੀ ਜਨਮ ਲੈਣਾ ਪਿਆ। ਇਹ ਵੀ ਸੱਚ ਹੈ ਕਿ ਮਾਂ ਦੀ ਥਾਂ ਕੋਈ ਨਹੀਂ ਲੈ ਸਕਦਾ। ਹਰਇਕ ਜ਼ਿੰਦਗੀ ਦਾ ਰਿਸ਼ਤਾ ਬਦਲ ਸਕਦਾ ਹੈ, ਪਰ ਮਾਂ ਦੀ ਥਾਂ ਕੋਈ ਹੋਰ ਨਹੀਂ ਲੈ ਸਕਦਾ।" ਮਾਂ ਆਦਿ ਕਾਲ ਤੋਂ ਹੀ ਤਿਆਗ, ਮਮਤਾ ਅਤੇ ਪਿਆਰ ਦੀ ਮੂਰਤੀ ਰਹੀ ਹੈ, ਜਿਸ ਦੇ ਸਤਿਕਾਰ 'ਚ 'ਮਾਂ ਦਿਵਸ' ਮਨਾਇਆ ਜਾਂਦਾ ਹੈ।

## ਬਾਲ ਕਹਾਣੀ

# ਪਿਆਰਾ ਭਾਲੂ



ਇੱਕ ਵਾਰ ਦੀ ਗੱਲ ਹੈ। ਇੱਕ ਜੰਗਲ ਸੀ। ਉਸ ਜੰਗਲ ਵਿੱਚ ਇੱਕ ਪਿਆਰਾ ਭਾਲੂ ਰਹਿੰਦਾ ਸੀ। ਜੰਗਲ ਦੇ ਵਿੱਚ ਇੱਕ ਸ਼ਰਾਰਤੀ ਬਾਂਦਰ ਵੀ ਰਹਿੰਦਾ ਸੀ। ਉਹ ਬਾਂਦਰ ਸ਼ਰਾਰਤਾਂ ਕਰਦਾ ਰਹਿੰਦਾ ਅਤੇ ਹੋਰ ਜਾਨਵਰਾਂ ਤੇ ਪੰਛੀਆਂ ਨੂੰ ਤੰਗ - ਪਰੇਸ਼ਾਨ ਕਰਦਾ ਰਹਿੰਦਾ। ਇੱਕ ਦਿਨ ਦੀ ਗੱਲ ਹੈ। ਬਾਂਦਰ ਆਪਣੀ ਮਸਤੀ ਵਿੱਚ ਸੀ। ਬਾਂਦਰ ਇੱਕ ਰੁੱਖ ਉੱਤੇ ਚੜ੍ਹਿਆ ਹੋਇਆ ਸੀ। ਉਸ ਰੁੱਖ ਉੱਤੇ ਪੰਛੀ ਰਹਿੰਦੇ ਸਨ। ਬਾਂਦਰ ਨੇ ਪੰਛੀਆਂ ਨੂੰ ਤੰਗ - ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਬਾਂਦਰ ਰੁੱਖ ਨੂੰ ਜ਼ੋਰ - ਜ਼ੋਰ ਦੀ ਹਿਲਾਉਣ ਲੱਗਾ। ਸਾਰੇ ਪੰਛੀ ਬਹੁਤ ਪ੍ਰੇਸ਼ਾਨ ਹੋਏ। ਅਚਾਨਕ ਹੀ ਬਾਂਦਰ ਹੇਠਾਂ ਡਿੱਗ ਗਿਆ। ਉਸ ਦੇ ਪੈਰ ਨੂੰ ਸੱਟ ਲੱਗ ਗਈ। ਉੱਧਰੋਂ ਪਿਆਰਾ ਭਾਲੂ ਵੀ ਆ ਗਿਆ। ਉਸ ਦਾ ਸੁਭਾਅ ਬਹੁਤ ਚੰਗਾ ਸੀ। ਭਾਲੂ ਹਰ ਕਿਸੇ ਦੀ ਮੱਦਦ ਕਰਦਾ ਸੀ। ਉਸ ਨੇ ਝਟਪਟ ਬਾਂਦਰ ਨੂੰ ਚੁੱਕਿਆ ਅਤੇ ਉਸ ਦੇ ਘਰ ਪਹੁੰਚਾ ਦਿੱਤਾ। ਬਾਂਦਰ ਦੇ ਮਾਤਾ - ਪਿਤਾ ਨੇ ਉਸ ਪਿਆਰੇ ਭਾਲੂ ਦਾ ਧੰਨਵਾਦ ਕੀਤਾ। ਹੁਣ ਸ਼ਰਾਰਤੀ ਬਾਂਦਰ ਨੂੰ ਸਮਝ ਆ ਗਈ ਸੀ ਕਿ ਸ਼ਰਾਰਤਾਂ ਨਹੀਂ ਕਰਨੀਆਂ ਚਾਹੀਦੀਆਂ ਅਤੇ ਦੂਜਿਆਂ ਨੂੰ ਤੰਗ - ਪ੍ਰੇਸ਼ਾਨ ਨਹੀਂ ਕਰਨਾ ਚਾਹੀਦਾ।

ਸਿੱਖਿਆ: ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਸ਼ਰਾਰਤਾਂ ਨਹੀਂ ਕਰਨੀਆਂ ਚਾਹੀਦੀਆਂ ਅਤੇ ਦੂਜਿਆਂ ਦਾ ਭਲਾ ਕਰਨਾ ਚਾਹੀਦਾ ਹੈ।

*'ਜਸਵਿੰਦਰ ਸਿੰਘ , ਜਮਾਤ ਚੌਥੀ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸੈਂਟਰ - ਢੇਰ , ਸਿੱਖਿਆ ਬਲਾਕ - ਸ੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ - ਰੂਪਨਗਰ ( ਪੰਜਾਬ ) ਗਾਈਡ ਅਧਿਆਪਕ ਮਾਸਟਰ ਸੰਜੀਵ ਧਰਮਾਣੀ'*

## ਮਾਂ ਧਰਤੀ ਉਪਰਲਾ ਰੱਬ

ਮਾਂ ਨਾਲ ਰਿਸ਼ਤਾ ਜੱਗੋਂ ਵੱਖਰਾ
ਨਾ ਕੋਈ ਸ਼ਰਤ ਨਾ ਕੋਈ ਨਖ਼ਰਾ
ਸਾਰੀ ਦੁਨੀਆ ਜੁੜੇ ਨਾਲ ਅਸਾਡੇ
ਕੋਈ ਬਚਪਨ ,ਕੋਈ ਜਵਾਨੀ ਵਿੱਚ ਤੇ ਕੋਈ ਫਿਰ ਕਦੇ
ਮਾਂ ਸਾਡੇ ਨਾਲ ਜੁੜ ਜਾਵੇ ਸਾਡੇ ਜੰਮਣ ਤੋਂ ਵੀ ਪਹਿਲਾਂ।
ਜਿਸਮ ਆਪਣੇ ਤੋਂ ਬਣਾਵੇ ਜਿਸਮ ਅਸਾਡਾ
ਬਸ ਜੰਮਣ ਵੇਲੇ ਦਾ ਰੋਣਾ ਹੈ ਅਤਿਅੰਤ ਜਰੂਰੀ ,
ਫਿਰ ਕਦੇ ਮੈਂ ਨਾ ਰੋਵਾਂ ਇਹੀ ਉਸ ਦੀ ਇੱਛਾ ਸੀ ਰਹੀ!
ਪਰ ਮੈਂ ਤਾਂ ਫਿਰ ਵੀ ਰੋਇਆ ,ਕਿਉਂਕਿ ਮੈਂ ਨਹੀਂ ਸਾਂ ਜਾਣਦਾ ਬੋਲਣਾ
ਮਾਂ ਨੇ ਮੇਰੇ ਰੋਣ ਤੋਂ ਹੀ ਮੇਰੀ ਹਰ ਰਮਜ਼ ਪਛਾਣੀ।
ਮਾਂ, ਮੇਰਾ ਪਹਿਲਾ ਸਕੂਲ!!
ਬਿਨਾਂ ਫੀਸ ਤੋਂ ਮੈਨੂੰ ਸਿਖਾਇਆ ਚਲਣਾ ,ਬੋਲਣਾ ,ਖਾਣਾ ਤੇ ਪੀਣਾ,
ਥੋੜਾ ਪੜ੍ਹਨਾ ਤੇ ਲਿਖਣਾ ਵੀ ,ਜਿੰਨਾਂ ਕੁ ਸੀ ਲੋੜੀਂਦਾ।
ਮਾਂ ਮੇਰੀ ਨਰਸ ਵੀ ਤੇ ਡਾਕਟਰ ਵੀ ਰਹੀ!
ਮੈਂ ਨਾ ਪਵਾਂ ਬਿਮਾਰ ਕਦੇ
ਰਹੀ ਉਸ ਦੀ ਚਾਹਤ ਇਹ ,
ਘਰੇਲੂ ਨੁਸਖੇ ਤੇ ਔੜ ਫੋੜ ਨੇ ਬਚਾਈ ਰੱਖਿਆ ਮੈਨੂੰ
ਛੋਟੀਆਂ ਮੋਟੀਆਂ ਬਿਮਾਰੀਆਂ ਤੋਂ ।
ਪਤਾ ਹੈ ਤੁਹਾਨੂੰ ?ਮੇਰੀ ਮਾਂ ਜਾਣਦੀ ਸੀ ਸੰਗੀਤ ਵੀ
ਉਸ ਦੀਆਂ ਲੋਰੀਆਂ ਜੋ ਮੈਨੂੰ ਯਾਦ ਹਨ ਅੱਜ ਵੀ
ਜੇ ਕਦੇ ਨੀਂਦ ਨਾ ਆਵੇ, ਹੁਣ ਵੀ ਸੌਂ ਜਾਦਾਂ ਹਾਂ ਯਾਦ ਕਰਕੇ ਉਹੀ ਲੋਰੀਆਂ।
ਮੇਰੀ ਕੀ ਲੋੜ ਹੈ ?ਜਾਣੀ ਜਾਣ ਸੀ ਉਹ ਆਪ ਹੀ
ਕਰ ਦਿੰਦੀ ਉਹ ਪੂਰੀ ਉਸ ਨੂੰ ਆਪਣੀ ਗੁੰਜਾਇਸ਼ ਮੁਤਾਬਕ।
ਮਾਂ ਬੱਚੇ ਦੀ ਪਾਲਣਾ ਕਰਕੇ ਕਰੇ ਨਾ ਅਹਿਸਾਨ ਕੋਈ!
ਉਸ ਨੂੰ ਤਾਂ ਇਸ ਵਿੱਚ ਵੀ ਆਨੰਦ ਹੀ ਆਉਂਦਾ ਹੈ!
ਇਸੇ ਲਈ ਤਾਂ ਕਹਿੰਦੇ ਹਨ ਕਿ ਮਾਂ ਧਰਤੀ ਉਪਰਲਾ ਰੱਬ ਹੈ!!
ਇਸੇ ਲਈ ਤਾਂ ਕਹਿੰਦੇ ਹਨ ਕਿ ਮਾਂ ਧਰਤੀ ਉਪਰਲਾ ਰੱਬ ਹੈ!!

*-ਅਮਰਜੀਤ ਕੌਰ, ਸਟੇਟ ਅਵਾਰਡੀ*
*ਸੇਵਾ ਮੁਕਤ ਮੁੱਖ ਅਧਿਆਪਕਾ।*

# ਤੁਰ ਜਾਵਣ ਇੱਕ ਵਾਰ ਤਾਂ ਮਾਵਾਂ ਲੱਭਦੀਆ ਨਹੀਂ



ਕਿਸੇ ਕਵੀ ਨੇ ਮਾਂ ਦੀ ਉਪਮਾ ਵਿੱਚ ਬਹੁਤ ਸੋਹਣੀਆਂ ਸਤਰਾਂ ਉਚਾਰੀਆਂ, ਉਹ ਕਹਿੰਦਾ ਹੈ ਕਿ:

*'ਰੁਤਬਾ ਮਾਂ ਦਾ ਰੱਬ ਬੁਲੰਦ ਕੀਤਾ, ਸਾਨੀ ਮਾਂ ਦਾ ਵਿੱਚ ਸੰਸਾਰ ਕੋਈ ਨਹੀਂ*
*ਦਰਦੀ ਕੋਈ ਨਹੀ ਮਾਂ ਦੇ ਦਿਲ ਵਰਗਾ, ਮਾਂ ਵਾਗੂੰ ਕਰਦਾ ਪਿਆਰ ਕੋਈ ਨਹੀਂ*
*ਜਿਹਦੇ ਸਿਰ ਤੇ ਮਾਂ ਦਾ ਹੱਥ ਹੋਵੇ, ਉਹਨੂੰ ਦੋਹਾਂ ਜਹਾਨਾਂ ਚ ਹਾਰ ਕੋਈ ਨਹੀਂ।'*

ਜ਼ਿੰਦਗੀ ਆਪਣਿਆਂ ਦੇ ਮੋਹ , ਪਿਆਰ ਦੀਆਂ ਤੰਦਾਂ ਦੇ ਕਰਕੇ ਹੀ ਹਸੀਨ ਹੁੰਦੀ ਹੈ। ਸਾਡੇ ਰਿਸ਼ਤੇ ਨਾਤੇ ਹੀ ਸਾਡੀ ਦੁਨੀਆਂ ਹੁੰਦੀ ਹੈ। ਦੁੱਖ ਸੁੱਖ ਦੇ ਸਹਾਇਕ ਸਾਡੇ ਸਾਰੇ ਰਿਸ਼ਤੇ ਸਾਡੇ ਜੀਵਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦੇ ਹਨ। ਹਰ ਰਿਸ਼ਤੇ ਦੀ ਇੱਕ ਆਪਣੀ ਅਹਿਮੀਅਤ ਹੈ। ਹਰ ਰਿਸ਼ਤੇ ਦਾ ਆਪਣਾ ਕਿਰਦਾਰ ਤੇ ਜਿੰਮੇਵਾਰੀਆਂ ਹਨ। ਪਰ ਪੂਰੀ ਦੁਨੀਆਂ ਵਿੱਚ ਜਿਸ ਰਿਸ਼ਤੇ ਨੂੰ ਸਭ ਤੋਂ ਵੱਧ ਸਤਿਕਾਰਿਆ ਗਿਆ ਉਹ ਹੈ ਮਾਂ ਦਾ ਰਿਸ਼ਤਾ। ਜੱਗ ਜਨਣੀ, ਸਿਰਜਣਹਾਰੀ, ਦੇਵੀ, ਰੱਬ ਦਾ ਰੂਪ, ਇਹ ਸਾਰੇ ਨਾਮ ਮਾਂ ਦੇ ਹਿੱਸੇ ਆਏ ਹਨ। ਮਾਵਾਂ ਹੁੰਦੀਆਂ ਹੀ ਏਨੀਆਂ ਪਿਆਰੀਆਂ ਹਨ, ਆਪਣੇ ਮੂੰਹ ਚੋਂ ਬੁਰਕੀ ਖੋਹ ਬੱਚਿਆਂ ਦੇ ਮੂੰਹ ਚ ਪਾਉਣ ਦਾ ਜ਼ੇਰਾ ਰੱਬ ਨੇ ਬਸ ਮਾਂ ਨੂੰ ਹੀ ਦਿੱਤਾ ਹੈ। ਬੱਚਿਆਂ ਦੇ ਢਿੱਡ ਭਰਨ ਲਈ ਆਪ ਭੁੱਖੇ ਢਿੱਡ ਡੰਗ ਸਾਰਣ ਦਾ ਸਬਰ ਕਾਦਰ ਨੇ ਮਾਂ ਦੀ ਝੋਲੀ ਹੀ ਪਾਇਆ ਹੈ । ਮਾਂ ਅਸਲ ਵਿੱਚ ਹੈ ਹੀ ਸਬਰ ਦਾ ਦੂਜਾ ਨਾਮ! ਇਸਦੀ ਉਦਹਾਰਣ ਵੇਖਣੀ ਹੋਵੇ ਤਾਂ ਪੇਕਿਆਂ ਦੇ ਘਰਾਂ ਵਿੱਚ ਚੁਲਬੁਲੀਆਂ ਧੀਆਂ, ਸੌ ਸੌ ਨਖਰੇ ਕਰਨ ਵਾਲੀਆਂ ਧੀਆਂ ਜਦ ਵਿਆਹ ਤੋਂ ਬਾਅਦ ਮਾਵਾਂ ਬਣਦੀਆਂ ਹਨ ਤਾਂ ਉਹਨਾਂ ਦਾ ਉਹੀ ਚੁਲਬੁਲਾ ਬਣ ਸਿਆਣਪ, ਸਮਝ ਤੇ ਸਬਰ ਵਿੱਚ ਤਬਦੀਲ ਹੋ ਜਾਂਦਾ ਹੈ। ਜਿਹੜੀ ਧੀ ਕੱਚੀ ਨੀਂਦੇ ਉੱਠ ਜਾਣ ਤੇ ਪੇਕਾ ਘਰ ਸਿਰ ਤੇ ਚੁੱਕ ਲੈਂਦੀ, ਮਾਂ ਬਨਣ ਤੋਂ ਬਾਅਦ ਸਾਰੀ ਸਾਰੀ ਰਾਤ ਆਪਣੇ ਬੱਚੇ ਦੀ ਖਾਤਰ ਜਾਗਦੀ ਰਹਿੰਦੀ ਹੈ।

ਮਾਵਾਂ ਦੇ ਹੱਥ ਬਰਕਤਾਂ ਵਾਲੇ ਹੱਥ ਹੁੰਦੇ ਹਨ, ਇਹਨਾਂ ਦੇ ਪੈਰਾਂ ਵਿੱਚ ਵਿਹੜਿਆਂ ਦੀ ਰੌਣਕਾਂ ਲੁੱਡੀਆਂ ਪਾਉਂਦੀਆਂ ਹਨ , ਇਹਨਾਂ ਦੇ ਸਾਏ ਹੇਠਾਂ ਇਹਨਾਂ ਦੇ ਬੱਚੜੇ ਸਰਦਾਰੀਆਂ ਕਰਦੇ ਨੇ। ਪੋਟਾ ਪੋਟਾ ਜੋੜ ਘਰ ਬਣਾਉਂਦੀ ਮਾਂ ਸਾਰੀ ਉਮਰ ਨਹੀਂ ਥੱਕਦੀ, ਬੱਚਿਆਂ ਦੀ ਖਾਤਰ ਆਪਣੇ ਸਾਰੇ ਰੀਝਾਂ ਚਾਵਾਂ, ਮਲਾਰਾਂ ਨੂੰ ਮਾਂ ਕਿਤੇ ਡੂੰਘੀ ਖੱਡ ਵਿੱਚ ਦੱਬ ਦਿੰਦੀ ਹੈ ਤੇ ਆਪਣੇ ਬੱਚਿਆਂ ਤੇ ਘਰ ਪਰਿਵਾਰ ਦੇ ਸੁਪਨਿਆਂ ਨੂੰ ਆਪਣੇ ਸੁਪਨੇ ਬਣਾ ਲੈਂਦੀ ਹੈ।

ਮਾਂ ਇਸ ਕੁਦਰਤ ਦੇ ਸਾਰੇ ਰਿਸ਼ਤਿਆਂ ਤੋਂ ਅਹਿਮ ਤੇ ਪਾਕ ਪਵਿੱਤਰ ਰਿਸ਼ਤਾ ਹੈ, ਪਰ ਅੱਜ ਸਾਡੀਆਂ ਮਾਵਾਂ ਦੀ ਦਸ਼ਾ ਉਨ੍ਹੀਂ ਚੰਗੀ ਨਹੀਂ ਜਿੰਨੀ ਹੋਣੀ ਚਾਹੀਦੀ, ਬਿਰਧ ਘਰਾਂ ਵਿੱਚ ਪਈਆਂ ਮਾਵਾਂ ਨੂੰ ਇੱਕ ਵਾਰ ਮਿਲਣ ਦਾ ਮੌਕਾ ਬਣਿਆ ਤਾਂ ਮਾਂ ਕਹਿਣ ਲੱਗੀ ਪੁੱਤ ਆ ਮੇਰਾ ਲੱਕ ਵੇਖ.... ਇਸ ਲੱਕ ਤੇ ਚੁੱਕ ਚੁੱਕ ਕੇ ਪੁੱਤ ਨੂੰ ਪਾਲਿਆ ਸੀ, ਜਿਸ ਦਿਨ ਘਰੋਂ ਕੱਡਿਆ ਏਸੇ ਲੱਕ ਉੱਤੇ ਲੱਤ ਮਾਰ ਕੇ ਬਾਹਰ ਸੁੱਟਿਆ ਸੀ, ਕਿਸੇ ਕਬਾੜੀ ਦੇ ਸਮਾਨ ਵਾਂਗ, ਮੈ ਸੁਣਦੇ ਸਾਰ ਸੁੰਨ ਹੋ ਗਈ ਤੇ ਸੋਚਣ ਲੱਗੀ ਕਿ ਕਿਸ ਤਰ੍ਹਾਂ ਦਾ ਅਕਿਰਤਘਣ ਸਮਾਜ ਅਸੀਂ ਸਿਰਜ ਰਹੇ ਹਾਂ, ਜਿੱਥੇ ਤੀਲਾ ਤੀਲਾ ਜੋੜ ਬਣਾਏ ਘਰ ਵਿੱਚ ਮਾਪਿਆਂ ਲਈ ਇੱਕ ਕਮਰਾ ਤੱਕ ਨਹੀਂ ਰਹਿ ਜਾਂਦਾ।

ਇੱਕ ਗੱਲ ਯਾਦ ਰੱਖਣਯੋਗ ਹੈ ਕਿ ਹੋਰ ਕਿਸੇ ਦੀ ਦੁਆਵਾਂ ਲੱਗਣ ਜਾਂ ਨਾ ਲੱਗਣ ਪਰ ਮਾਂ ਦੇ ਮੂੰਹੋਂ ਨਿਕਲੀ ਦੁਆਂ ਆਪਣੇ ਬੱਚਿਆਂ ਲਈ ਕੀਤੀਆਂ ਅਰਦਾਸਾਂ ਕਦੇ ਵਿਅਰਥ ਨਹੀਂ ਜਾਂਦੀਆਂ, ਮਾਂ ਆਪਣੀ ਆਈ ਤੇ ਆ ਜਾਵੇ ਤਾਂ ਮੌਤ ਦੇ ਮੂੰਹ ਵਿੱਚੋਂ ਵੀ ਆਪਣੇ ਆਦਰਾਂ ਦੇ ਟੋਟੇ ਨੂੰ ਛੁਡਾ ਲਿਆਉਂਦੀ ਹੈ। ਇਹ ਕਰਮਾਂ ਵਾਲੀਆਂ ਰੂਹਾਂ ਸਤਿਕਾਰ ਦੀਆਂ ਹੱਕਦਾਰ ਹਨ, ਇਹ ਪਾਕ ਪਵਿੱਤਰ ਰੂਹਾਂ ਦੇ ਚਰਨ ਕਿਸੇ ਤੀਰਥ ਸਥਾਨ ਤੋਂ ਘੱਟ ਨਹੀਂ। ਆਉ ਅੱਜ ਮਾਂ ਦਿਵਸ ਦੇ ਇਸ ਖਾਸ ਮੌਕੇ ਤੇ ਪ੍ਣ ਕਰੀਏ ਕਿ ਸਾਡੀਆਂ ਮਾਵਾਂ ਦਾ ਬੁਢਾਪਾ ਅਸੀਂ ਉਹਨਾਂ ਮਜ਼ਬੂਤ ਹੱਥਾਂ ਵਾਂਗ ਹੀ ਸਾਂਭ ਸਕੀਏ ਜਿਵੇ ਦੇ ਮਜ਼ਬੂਤ ਹੱਥਾਂ ਨਾਲ ਮਾਂ ਨੇ ਕਦੇ ਬਚਪਨ ਵਿੱਚ ਸਾਨੂੰ ਸੌ ਵਾਰ ਡਿੱਗਣ ਤੋਂ ਬਚਾਇਆ ਸੀ।

ਰੱਬ ਕਰੇ ਹਰ ਘਰ ਦੇ ਵਿਹੜੇ ਵਿੱਚ ਮਾਵਾਂ ਦੇ ਹਾਸੇ, ਉਹਨਾਂ ਦੀ ਝਿੜਕ ਦੀ ਬਿੜਕ ਸੁਣਦੀ ਰਹੇ। ਹਰ ਮਾਂ ਸਰਦਾਰੀ ਭੋਗ ਕੇ ਜਾਵੇ ਤੇ ਕੋਈ ਮਾਂ ਔਲਾਦ ਹੱਥੋਂ ਦੁੱਖੀ ਨਾ ਹੋਵੇ। ।

*-ਹਰਕੀਰਤ ਕੌਰ*
*9779118066*

# ਲੈਕਚਰਾਰ ਕਾਹਦਾ ਬਣਿਆ

*-ਪ੍ਰਿੰਸੀਪਲ ਸੁਖਦੇਵ ਸਿੰਘ ਰਾਣਾ*

ਹਰੇਕ ਕਰਮਚਾਰੀ ਦੇ ਦਿਲ ਵਿੱਚ ਤਰੱਕੀ ਲਈ ਆਸ ਅਤੇ ਤਾਂਘ ਹੁੰਦੀ ਹੈ। ਜਦੋਂ ਕਿਸੇ ਮੁਲਾਜ਼ਮ ਦੀ ਤਰੱਕੀ ਹੁੰਦੀ ਹੈ ਤਾਂ ਉਸ ਦਾ ਮਨ ਹਵਾ ਵਿੱਚ ਉਡਣ ਨੂੰ ਕਰਦਾ ਹੈ। ਨਾਲ ਦੇ ਸਾਥੀਆਂ, ਰਿਸ਼ਤੇਦਾਰਾਂ ਦੀਆਂ ਵਧਾਈਆਂ ਤੇ ਪਾਰਟੀਆਂ ਦੀ ਮੰਗ ਆਮ ਗੱਲ ਹੈ, ਪਰ ਸਾਡਾ ਰਾਜ ਪ੍ਰਬੰਧ ਜਾਂ ਕਹਿ ਲਓ ਸਾਡਾ ਦਫਤਰੀ ਪ੍ਰਬੰਧ ਭ੍ਰਿਸ਼ਟਾਚਾਰ ਵਿੱਚ ਇੰਨਾ ਗਰਕ ਹੋ ਚੁੱਕਾ ਹੈ ਕਿ ਤਰੱਕੀ ਪ੍ਰਾਪਤ ਮੁਲਾਜ਼ਮ ਦੀਆਂ ਖੁਸ਼ੀਆਂ, ਚਾਅ ਥੋੜ੍ਹੇ ਦਿਨਾਂ ਵਿੱਚ ਹਵਾ-ਹਵਾਈ ਹੋ ਜਾਂਦੇ ਹਨ।

ਮੇਰੇ ਨਾਲ ਵੀ ਇਸੇ ਤਰ੍ਹਾਂ ਵਾਪਰਿਆ। ਨੌਵੇਂ ਦਹਾਕੇ ਦੇ ਸ਼ੁਰੂ ਵਿੱਚ ਸਿੱਖਿਆ ਵਿਭਾਗ ਨੇ ਲੈਕਚਰਾਰ ਤੇ ਮਾਸਟਰਾਂ ਦੀਆਂ ਪੋਸਟਾਂ ਦਾ ਇਸ਼ਤਿਹਾਰ ਦਿੱਤਾ। ਹਜ਼ਾਰਾਂ ਲੋਕਾਂ ਨੇ ਉਸ ਲਈ ਅਪਲਾਈ ਕੀਤਾ, ਜਿਨ੍ਹਾਂ ਵਿੱਚੋਂ ਮੈਂ ਵੀ ਇੱਕ ਸੀ।ਉਨ੍ਹਾਂ ਦਿਨਾਂ ਵਿੱਚ ਮੈਂ ਬਤੌਰ ਮਾਸਟਰ ਮਾਨੂੰਪੁਰ ਸਕੂਲ ਵਿਖੇ ਸੇਵਾ ਨਿਭਾ ਰਿਹਾ ਸੀ। ਮੇਰੇ ਵਿਸ਼ੇ ਦੀ ਚੋਣ ਕਮੇਟੀ ਫਰੀਦਕੋਟ ਵਿਖੇ ਜ਼ਿਲਾ ਸਿੱਖਿਆ ਅਫਸਰ ਅਧੀਨ ਬਣੀ ਸੀ। ਬਸ ਚੜ੍ਹਨ ਤੋਂ ਪਹਿਲਾਂ ਮੇਰੇ ਨਾਲ ਇੰਟਰਵਿਊ ਉੱਤੇ ਗਏ ਦੇਵੀ ਦਿਆਲ ਚੜ੍ਹੇ ਅਤੇ ਮੈਂ ਬਾਬਾ ਫਰੀਦ ਜੀ ਦੀ ਮਜ਼ਾਰ ਉੱਤੇ ਅਕੀਦਤ ਦੇ ਫੁੱਲ ਭੇਟ ਕਰ ਕੇ ਆਏ। ਸਾਲ ਕੁ ਬਾਅਦ ਜਿਨ੍ਹਾਂ ਦੀ ਸਰਕਾਰੇ-ਦਰਬਾਰੇ ਪਹੁੰਚ ਸੀ, ਉਨ੍ਹਾਂ ਨੂੰ ਲੈਕਚਰਾਰ ਜਾਂ ਮਾਸਟਰ ਦੇ ਆਰਡਰ ਮਿਲ ਗਏ। ਕਈ ਉਹ ਲੋਕ ਵੀ ਸਨ, ਜਿਨ੍ਹਾਂ ਨੇ ਨਾ ਅਪਲਾਈ ਕੀਤਾ, ਨਾ ਇੰਟਰਵਿਊ ਦਿੱਤੀ।ਮੈਨੂੰ ਜਦੋਂ ਪਤਾ ਚੱਲਿਆ ਕਿ ਤੀਜੇ ਦਰਜੇ ਵਾਲੇ ਲੈਕਚਰਾਰ ਲੱਗ ਗਏ ਤਾਂ ਮੈਂ ਸਕੂਟਰ ਚੁੱਕਿਆ ਤੇ ਪਹੁੰਚ ਗਿਆ ਡਾਇਰੈਕਟਰ, ਸਿੱਖਿਆ ਦੇ ਦਫਤਰ ਸੈਕਟਰ-17। ਦਫਤਰ ਵਿੱਚ ਮੇਰਾ ਰਿਸ਼ਤੇਦਾਰ ਕਲਰਕ ਸੀ। ਉਹ ਮੈਨੂੰ ਉਸ ਬਾਊ ਕੋਲ ਲੈ ਗਿਆ ਜੋ ਲੈਕਚਰਾਰਾਂ ਦੇ ਆਰਡਰ ਦਿੰਦਾ ਸੀ। ਜਦੋਂ ਮੈਂ ਉਥੇ ਸੰਬੰਧਤ ਬਾਊ ਨੂੰ ਆਰਡਰ ਬਾਰੇ ਪੁੱਛਿਆ ਤਾਂ ਬਹੁਤ ਰੁੱਖਾ ਜਿਹਾ ਬੋਲ ਕੇ ਕਹਿੰਦਾ, "ਜਿਹੜੇ ਰੱਖਣੇ ਸੀ, ਰੱਖੇ ਗਏ। ਕੁਛ ਨੀਂ ਹੋਣਾ।"

ਮੈਂ ਨਿਮੋਝੂਣਾ ਹੋ ਕੇ ਬਾਹਰ ਆ ਗਿਆ। ਕੁਝ ਉਮੀਦਵਾਰਾਂ ਨੇ ਹਾਈ ਕੋਰਟ ਵਿੱਚ ਰਿੱਟ ਪਾ ਦਿੱਤੀ ਕਿ ਚੋਣ ਠੀਕ ਨਹੀਂ ਹੋਈ। ਅਦਾਲਤ ਨੇ ਸਿੱਖਿਆ ਵਿਭਾਗ ਤੋਂ ਚੋਣ ਕਮੇਟੀਆਂ ਦੀਆਂ ਚੋਣ ਸੂਚੀ ਮੰਗ ਕੇ ਮੈਰਿਟ ਲਿਸਟ ਐਲਾਨ ਕਰ ਦਿੱਤੀ। ਮੈਰਿਟ ਲਿਸਟ ਅਨੁਸਾਰ ਹਿਸਟਰੀ ਦੇ ਲਗਭਗ 3000 ਉਮੀਦਵਾਰਾਂ ਵਿੱਚੋਂ ਮੇਰਾ ਪੰਜਾਬ ਭਰ ਵਿੱਚੋਂ ਦੂਜਾ ਨੰਬਰ ਸੀ। ਮੈਨੂੰ ਲੈਕਚਰਾਰ ਬਣਨ ਦਾ ਇੰਨਾ ਚਾਅ ਸੀ ਕਿ ਸਕੂਲੋਂ ਛੁੱਟੋ ਲੈ ਕੇ ਆਰਡਰ ਲੈਣ ਲਈ ਸਕੂਟਰ ਉੱਤੇ ਚੰਡੀਗੜ੍ਹ ਚੱਲ ਪਿਆ। ਮੈਂ ਡੀ ਪੀ ਆਈ ਦਫਤਰ ਚੰਡੀਗੜ੍ਹ ਜਾ ਕੇ ਸੰਬੰਧਤ ਬ੍ਰਾਂਚ ਵਿੱਚ ਆਪਣੀ ਚੋਣ ਬਾਰੇ ਦੱਸ ਕੇ ਆਰਡਰ ਬਾਰੇ ਪੁੱਛਿਆ ਤਾਂ ਉਥੇ ਬ੍ਰਾਂਚ ਇੰਚਾਰਜ ਕਹਿਣ ਲੱਗਾ ਕਿ ਆਰਡਰ ਡਾਕ ਰਾਹੀਂ ਭੇਜ ਦਿੱਤੇ ਸੀ, ਮਿਲੇ ਨ੍ਹੀਂ। ਮੈਂ ਨਾਂਹ ਕੀਤੀ ਤਾਂ ਉਸ ਨੇ ਕੱਲ੍ਹ ਨੂੰ ਆਉਣ ਦਾ ਹੁਕਮ ਸੁਣਾ ਦਿੱਤਾ। ਭਵਿੱਖ ਵਿੱਚ ਜਿਹੜੀ ਖੱਜਲ-ਖੁਆਰੀ ਹੋਣੀ ਸੀ, ਉਹ ਅਜੇ ਮੇਰੀ ਉਡੀਕ ਕਰ ਰਹੀ ਸੀ। ਜਦੋਂ ਮੈਂ ਦੂਜੇ ਦਿਨ ਪਹੁੰਚਿਆ ਤਾਂ ਉਨ੍ਹਾਂ ਨੇ ਹੁਕਮ ਸੁਣਾ ਦਿੱਤਾ ਕਿ ਤੂੰ ਯੋਗ ਪ੍ਰਣਾਲੀ ਰਾਹੀਂ ਅਰਜ਼ੀ ਭੇਜੀ ਸੀ। ਜਦੋਂ ਮੈਂ ਹਾਂ ਕਹੀ ਤਾਂ ਕਹਿੰਦੇ ਕਿ ਸਕੂਲ ਦਾ ਡਾਕ ਰਜਿਸਟਰ ਲੈ ਕੇ ਆ, ਜਿੱਥੇ ਨੰਬਰ ਲਾ ਕੇ ਅਰਜ਼ੀ ਭੇਜੀ ਸੀ।ਨਾਲੇ ਸਕੂਲ ਮੁਖੀ ਤੋਂ ਲਿਖਾ ਕੇ ਲਿਆ। ਲਓ ਜੀ, ਬਹੁਤ ਦੁਖੀ ਅਤੇ ਨਿਰਾਸ਼ ਹੋ ਕੇ ਮੈਂ ਥੱਲੇ ਪਹੁੰਚਿਆ ਤੇ ਸਕੂਟਰ ਉੱਤੇ ਚੱਲ ਪਿਆ। ਮੈਂ ਰੋਜ਼ ਖੰਨਾ ਤੋਂ ਚੰਡੀਗੜ੍ਹ ਨੂੰ ਸਕੂਟਰ ਉੱਤੇ ਜਾਣ ਲੱਗ ਪਿਆ। ਖੰਨੇ ਤੋਂ ਚੰਡੀਗੜ੍ਹ ਦੀ ਦੂਰੀ 65 ਕਿਲੋਮੀਟਰ ਦੇ ਲਗਭਗ ਹੈ। ਕਦੇ ਰੋਲ ਨੰਬਰ, ਕਦੇ ਹਲਫੀਆ ਬਿਆਨ, ਕਦੇ ਰਿਕਾਰਡ ਕੀਪਰ ਛੁੱਟੀ ਉੱਤੇ ਐ, ਕਦੇ ਡਿਪਟੀ ਡੀ ਪੀ ਆਈ ਅੱਜ ਨਹੀਂ ਆਏ, ਕਦੇ ਕੁਛ, ਕਦੇ ਕੁਛ ਮੰਗ ਕੇ ਉਨ੍ਹਾਂ ਨੇ ਮੈਨੂੰ ਥਕਾ ਦਿੱਤਾ। ਮੈਂ ਲਗਭਗ ਚਾਲੀ ਦਿਨ ਕੜਾਕੇ ਦੀ ਠੰਢ ਵਿੱਚ ਚੰਡੀਗੜ੍ਹ ਸਕੂਟਰ ਉੱਤੇ ਆਉਣ ਜਾਣ ਕਰਦਾ ਰਿਹਾ।

ਦਸੰਬਰ ਦੇ ਪਹਿਲੇ ਹਫਤੇ ਜਦ ਮੈਂ ਗਿਆ ਤਾਂ ਕਹਿਣ ਲੱਗੇ ਕਿ ਡਿਪਟੀ ਡੀ ਪੀ ਆਈ ਦੇ ਮੁੰਡੇ ਦਾ ਵਿਆਹ ਹੈ, ਉਹ ਤਾਂ ਫਾਜ਼ਿਲਕਾ ਚਲੇ ਗਏ। ਤੂੰ 15 ਦਿਨ ਬਾਅਦ ਪਤਾ ਕਰ ਲਈਂ। ਮੈਂ ਸਰਦੀ ਦੀ ਪਹਿਲੀ ਛੁੱਟੀ ਨੂੰ ਦਫਤਰ ਜਾ ਕੇ ਆਰਡਰ ਬਾਰੇ ਪੁੱਛਿਆ ਤਾਂ ਜਵਾਬ ਮਿਲਿਆ, ਉਹੋਤੇਰੀ ਤਾਂ ਫਾਈਲ ਗੁੰਮ ਹੋ ਗਈ। ਤੂੰ ਮੁੜ ਇੱਕ ਹਲਫੀਆ ਬਿਆਨ, ਰੋਲ ਨੰਬਰ ਤੇ ਸਰਟੀਫਿਕੇਟਾਂ ਦੀਆਂ ਕਾਪੀਆਂ ਕਰਵਾ ਕੇ ਦੇ ਜਾ ਨਵੇਂ ਸਾਲ ਪਤਾ ਕਰੀਂ। ਮੈਂ ਝੱਟ ਦੇਣੇ ਬੱਸ ਅੱਡੇ ਕੋਲ ਕਚਹਿਰੀਆਂ ਵਿੱਚ ਪਹੁੰਚਿਆ। ਪੰਦਰਾਂ ਰੁਪਏ ਦਾ ਅਸ਼ਟਾਮ ਪੰਜਾਹ ਰੁਪਏ ਵਿੱਚ ਮਿ-ਲਆ। ਸਮੱਸਿਆ ਸੀ ਟਾਈਪ ਦੀ ਕਿਉਂਕਿ ਚੰਡੀਗੜ੍ਹ ਵਿੱਚ ਪੰਜਾਬੀ ਦੀ ਟਾਈਪ ਘੱਟ ਲੱਭਦੀ ਹੈ। ਅੰਗਰੇਜ਼ੀ ਵਿੱਚ ਛੇਤੀ ਦੋ ਅਸ਼ਟਾਮ ਤੇ ਹਲਫੀਆ ਬਿਆਨ ਟਾਈਪ ਕਰਵਾ ਕੇ ਫਿਰ ਫਾਈਲ ਜਮ੍ਹਾ ਕਰਵਾ ਦਿੱਤੀ। ਜਨਵਰੀ ਦੇ ਪਹਿਲੇ ਹਫਤੇ ਮੈਂ ਮੁੜ ਦਫਤਰ ਪਹੁੰਚਿਆ ਤਾਂ ਉਹੀ ਬਹਾਨਾ, ਅਜੇ ਡੀ ਪੀ ਆਈ ਨੇ ਫਾਈਲ ਉੱਤੇ ਸਹੀ ਨਹੀਂ ਪਾਈ, ਅੱਜ ਸੁਪਰਡੈਂਟ ਅਦਾਲਤ ਗਿਆ ਹੈ। ਮੈਨੂੰ ਮਹਿਸੂਸ ਹੋਇਆ ਕਿ ਇਨ੍ਹਾਂ ਨੂੰ ਸ਼ਾਇਦ ਮੇਰੀ ਮੈਰਿਟ ਨਾਲ ਨਫਰਤ ਹੈ ਜਾਂ ਮੇਰਾ ਦਮ ਦੇਖ ਰਹੇ ਹਨ। ਆਖਰ ਸੋਚਿਆ ਕਿ ਕੁਝ ਦਿਨ ਠਹਿਰ ਕੇ ਆਵਾਂਗਾ। ਅਖੀਰ ਜਨਵਰੀ ਦੇ ਅੰਤ ਵਿੱਚ ਮੈਨੂੰ ਕਾਉਂਕੇ ਕਲਾਂ ਦੇ ਆਰਡਰ ਮਿਲੇ।

ਸਮੱਸਿਆ ਇਹ ਸੀ ਕਿ ਉਥੇ ਕਿਵੇਂ ਪਹੁੰਚ ਹੋਊ। ਖੰਨੇ ਤੋਂ ਲਗਭਗ 96 ਕਿਲੋਮੀਟਰ ਇੱਕ ਪਾਸੇ ਦਾ ਫਾਸਲਾ ਸੀ। ਇਸ ਮੌਕੇ ਜੋਗਿੰਦਰ ਆਜ਼ਾਦ ਨੇ ਮੇਰੀ ਮਦਦ ਕੀਤੀ। ਅਜੇ ਮੈਂ ਕਾਉਂਕੇ ਕਲਾਂ ਜਾਣ ਬਾਰੇ ਸ਼ਸ਼ੋਪੰਜ ਵਿੱਚ ਸੀ ਕਿ ਮੈਨੂੰ ਇੱਕ ਜਾਣਕਾਰ ਹੈੱਡਮਾਸਟਰ ਨੇ ਦੱਸਿਆ ਕਿ ਸਾਹ-ਨੇਵਾਲ ਕੋਲ ਜੰਡਿਆਲੀ ਵਿਖੇ ਹਿਸਟਰੀ ਦੀ ਪੋਸਟ ਖਾਲੀ ਹੈ। ਹਰ ਰੋਜ਼ ਉਥੇ ਆਇਆ-ਜਾਇਆ ਜਾ ਸਕਦਾ ਸੀ।ਮੈਂ ਜੰਡਿਆਲੀ ਸਕੂਲ ਤੋਂ ਪੋਸਟ ਲਿਖਾ ਕੇ ਡੀ ਪੀ ਆਈ ਦਫਤਰ ਦੇ ਆਇਆ। ਉਨ੍ਹਾਂ ਦਿਨਾਂ ਵਿੱਚ ਦਲਜੀਤ ਸਿੰਘ ਭੜੀ (ਸਾਬਕਾ ਪੀ ਸੀ ਐੱਸ) ਡੀ ਪੀ ਆਈ ਦਫਤਰ ਵਿੱਚ ਅਫਸਰ ਲੱਗੇ ਸਨ। ਉਨ੍ਹਾਂ ਮੇਰੀ ਬਹੁਤ ਸਹਾਇਤਾ ਕੀਤੀ। ਫਰਵਰੀ ਦਾ ਮਹੀਨਾ ਲੰਘ ਗਿਆ, ਪਰ ਆਰਡਰ ਬਦਲ ਕੇ ਨਹੀਂ ਆਏ। ਮਾਰਚ ਵਿੱਚ ਦਲਜੀਤ ਸਿੰਘ ਦੇ ਉਪਰਾਲੇ ਸਦਕਾ ਮੈਨੂੰ ਜੰਡਿਆਲੀ ਦੇ ਆਰਡਰ ਮਿਲੇ। ਉਨ੍ਹਾਂ ਦੀ ਸਹਾਇਤਾ ਨੂੰ ਕਦੇ ਭੁੱਲ ਨਹੀਂ ਸਕਦਾ। ਜਦੋਂ ਮੈਂ ਡੀ ਪੀ ਆਈ ਦਫਤਰ ਤੋਂ ਆਰਡਰ ਲੈ ਕੇ ਤੁਰਿਆ ਤਾਂ ਮੇਰਾ ਜਾਣੂ ਲੈਕਚਰਾਰ ਮਿਲਿਆ, ਜੋ ਮੇਰੇ ਵਾਲੀ ਮੈਰਿਟ ਸੂਚੀ ਵਿੱਚ ਸ਼ਾਮਲ ਸੀ।ਜਦੋਂ ਉਸ ਨੂੰ ਮੈਂ ਸਾਰੀ ਖੱਜਲ-ਖੁਆਰੀ ਦੀ ਗੱਲ ਸੁਣਾਈ ਤਾਂ ਹੱਸ ਕੇ ਕਹਿੰਦਾ ਕਿ ਜਿੰਨੇ ਰੁਪਏ ਦਾ ਤੂੰ ਤੇਲ ਫੂਕਿਆ, ਓਨੇ ਦੀ ਇਨ੍ਹਾਂ ਦੀ ਸੇਵਾ-ਪਾਣੀ ਕਰ ਦਿੰਦਾ, ਕਦੋਂ ਦੇ ਆਰਡਰ ਮਿਲ ਜਾਂਦੇ। ਮੈਂ ਇਨ੍ਹਾਂ ਦੀ ਸੇਵਾ-ਪਾਣੀ ਕਰ ਕੇ ਦੋ ਮਹੀਨੇ ਪਹਿਲਾਂ ਜੁਆਇਨ ਕਰ ਲਿਆ। ਮੈਂ ਬਹੁਤ ਹੈਰਾਨ ਹੋਇਆ। ਮੈਂ ਉਨ੍ਹਾਂ ਭ੍ਰਿਸ਼ਟਾਚਾਰੀ ਬਾਬੂਆਂ ਨੂੰ ਵੀ ਭੁੱਲ ਨਹੀਂ ਸਕਦਾ ਜਿਨ੍ਹਾਂ ਨੇ ਮੇਰੀਆਂ ਲੀਕਾਂ ਕਢਵਾ ਦਿੱਤੀਆਂ ਆਰਡਰ ਲੈਣ ਲਈ।

ਕਦੋਂ ਬਦਲੇਗਾ ਸਾਡਾ ਇਹ ਸਿਸਟਮ ਜਿੱਥੇ ਮੈਰਿਟ ਦੀ ਕੋਈ ਕਦਰ ਨਹੀਂ। ਅੰਨ੍ਹੀ ਪੀਂਹਦੀ ਤੇ ਕੁੱਤੇ ਚੱਟਦੇ ਹਨ। ਕਦੋਂ ਇਹ ਕੁਰਸੀਆਂ ਉੱਤੇ ਬੈਠੀਆਂ ਮਨੁੱਖ ਰੂਪੀ ਜੋਕਾਂ ਲੋਕਾਂ ਦਾ ਖ਼ੂਨ ਚੂਸਦੀਆਂ ਰਹਿਣਗੀਆਂ।




## ਬਜ਼ੁਰਗ ਜੋੜੇ ਦਾ ਬੇਰਹਿਮੀ ਨਾਲ ਕਤਲ



ਲੁਧਿਆਣਾ, 5 ਮਈ (ਪੋਸਟ ਬਿਊਰੋ)- ਸ਼ਹਿਰ ਦੇ ਭਾਈ ਰਣਧੀਰ ਸਿੰਘ ਨਗਰ ਦੇ ਡੀ ਬਲਾਕ ਵਿੱਚ ਕੱਲ੍ਹ ਦੇਰ ਰਾਤ ਅਣਪਛਾਤੇ ਹਥਿਆਰਬੰਦ ਹਮਲਾਵਰਾਂ ਵੱਲੋਂ ਇੱਕ ਬਜ਼ੁਰਗ ਜੋੜੇ ਦਾ ਬੇਰਹਿਮੀ ਨਾਲ ਕਤਲ ਕੀਤੇ ਜਾਣ ਦੀ ਖਬਰ ਆਈ ਹੈ। ਮ੍ਰਿਤਕ ਜੋੜੇ ਦੀ ਸ਼ਨਾਖ਼ਤ ਸੁਖਦੇਵ ਸਿੰਘ ਤੇ ਉਸ ਦੀ ਪਤਨੀ ਗੁਰਮੀਤ ਕੌਰ ਵਜੋਂ ਹੋਈ ਹੈ।
ਮਿਲੀ ਜਾਣਕਾਰੀ ਅਨੁਸਾਰ ਘਟਨਾ ਦੇਰ ਰਾਤ ਦਸ ਵਜੇ ਦੇ ਕਰੀਬ ਦੀ ਹੈ, ਜਦੋਂ ਦੋ ਹਥਿਆਰਬੰਦ ਹਮਲਾਵਰਾਂ ਨੇ ਘਰ ਵਿੱਚ ਮੌਜੂਦ ਸੁਖਦੇਵ ਸਿੰਘ ਅਤੇ ਉਨ੍ਹਾਂ ਦੀ ਪਤਨੀ ਗੁਰਮੀਤ ਕੌਰ ਉੱਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਚੀਕਾਂ ਦੀ ਆਵਾਜ਼ ਸੁਣ ਕੇ ਆਸ ਪਾਸ ਦੇ ਲੋਕ ਉਥੇ ਆਏ ਤਾਂ ਹਮਲਾਵਰਫ਼ਰਾਰ ਹੋ ਗਏ। ਮੁਹੱਲੇ ਦੇ ਲੋਕਾਂ ਨੇ ਦੋ ਨੌਜਵਾਨਾਂ ਨੂੰ ਘਰ ਤੋਂ ਬਾਹਰ ਨਿਕਲਦੇ ਦੇਖਿਆ ਸੀ।ਲੋਕਾਂ ਨੇ ਦੱਸਿਆ ਕਿ ਜਦੋਂ ਹਮਲਾਵਰ ਘਰ ਅੰਦਰ ਦਾਖ਼ਲ ਹੋਏ ਤਾਂ ਸੁਖਦੇਵ ਸਿੰਘ ਲੋਟੇ ਆਪਣੀ ਲੜਕੀ ਨਾਲ ਗੱਲ ਕਰ ਰਹੇ ਸਨ। ਕਾਤਲਾਂ ਨੇ ਕੁਝ ਮਿੰਟ ਸੁਖਦੇਵ ਸਿੰਘ ਨਾਲ ਗੱਲ ਵੀ ਕੀਤੀ ਤੇ ਗੱਲਬਾਤ ਦੌਰਾਨ ਉਨ੍ਹਾਂ ਸੁਖਦੇਵ ਸਿੰਘ ਅਤੇ ਉਨ੍ਹਾਂ ਦੀ ਪਤਨੀ ਉੱਤੇ ਹਮਲਾ ਕਰ ਦਿੱਤਾ। ਸੁਖਦੇਵ ਸਿੰਘਕੁਝ ਸਾਲ ਪਹਿਲਾਂ ਆਮਦਨ ਟੈਕਸ ਮਹਿਕਮੇ ਤੋਂ ਸੇਵਾਮੁਕਤ ਹੋਏ ਸਨ। ਉਨ੍ਹਾਂ ਦੇ ਦੋ ਲੜਕੇ ਵਿਦੇਸ਼ ਵਿੱਚ ਰਹਿੰਦੇ ਹਨ ਜਦਕਿ ਉਨ੍ਹਾਂ ਦੀ ਲੜਕੀ ਉਨ੍ਹਾਂ ਤੋਂ ਕੁਝ ਹੀ ਦੂਰ ਰਹਿੰਦੀ ਹੈ। ਪੁਲਸ ਵੱਲੋਂ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ਼ ਚੈਕ ਕੀਤੀ ਜਾ ਰਹੀ ਹੈ। ਜੋੜੇ ਨੇ ਪੰਦਰਾਂ ਦਿਨ ਬਾਅਦ ਆਪਣੇ ਪੁੱਤਰਾਂ ਕੋਲ ਵਿਦੇਸ਼ ਜਾਣਾ ਸੀ। ਕਾਤਲਾਂ ਵੱਲੋਂ ਉਨ੍ਹਾਂ ਦੇ ਗਲੇ ਉੱਤੇ ਵੀ ਤੇਜ਼ਧਾਰ ਹਥਿਆਰਾਂ ਨਾਲ ਵਾਰ ਕੀਤੇ ਗਏ ਜੋ ਉਨ੍ਹਾਂ ਦੀ ਮੌਤ ਦੇ ਕਾਰਨ ਬਣੇ।

## ਸ਼ਹੀਦ ਭਗਤ ਸਿੰਘ ਦੇ ਸਾਥੀ ਸ਼ਹੀਦ ਸੁਖਦੇਵ ਦੇ ਜੱਦੀ ਘਰ ਅੱਗੇ ਭੁੱਖ ਹੜਤਾਲ ਸ਼ੁਰੂ



ਲੁਧਿਆਣਾ, 5 ਮਈ (ਪੋਸਟ ਬਿਊਰੋ)- ਭਾਰਤ ਨੂੰ ਆਜ਼ਾਦ ਕਰਵਾਉਣ ਵਿੱਚ ਅਹਿਮ ਭੂਮਿਕਾ ਅਦਾ ਕਰਨ ਵਾਲੇ ਸ਼ਹੀਦ ਭਗਤ ਸਿੰਘ ਦੇ ਸਾਥੀ ਸ਼ਹੀਦ ਸੁਖਦੇਵ ਥਾਪਰ ਦੇ ਜਨਮ ਸਥਾਨ ਦੇ ਸੁੰਦਰੀਕਰਨ ਦੇ ਨਾਲ ਰਸਤਾ ਸਿੱਧਾ ਕਰਨ ਅਤੇ ਹੋਰ ਮੰਗਾਂ ਲਈ ਵਾਰਸਾਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ।
ਸ਼ਹੀਦ ਸੁਖਦੇਵ ਥਾਪਰ ਮੈਮੋਰੀਅਲ ਟਰੱਸਟ ਦੇ ਪ੍ਰਧਾਨ ਅਤੇ ਸ਼ਹੀਦ ਸੁਖਦੇਵ ਥਾਪਰ ਦੇ ਵਾਰਸ ਅਸ਼ੋਕ ਥਾਪਰ ਦੀ ਅਗਵਾਈ ਹੇਠ ਕੱਲ੍ਹ ਇਹ ਭੁੱਖ ਹੜਤਾਲ ਸ਼ੁਰੂ ਹੋਈ। ਇਸ ਮੌਕੇ ਸ਼ਹਿਰ ਦੀਆਂ ਪ੍ਰਮੁੱਖ ਜਥੇਬੰਦੀਆਂ ਨੇ ਵੀ ਸਮਰਥਨ ਦਿੱਤਾ ਹੈ। ਸਾਰਿਆਂ ਨੇ ਇਕਜੁੱਟ ਹੋ ਕੇ ਐਲਾਨ ਕੀਤਾ ਕਿ ਜਦੋਂ ਤਕ ਨਿਗਮ ਅਫਸਰ ਸੁੰਦਰੀਕਰਨ ਦਾ ਕੰਮ ਤੇਜ਼ੀ ਨਾਲ ਸ਼ੁਰੂ ਨਹੀਂ ਕਰਨਗੇ, ਭੁੱਖ ਹੜਤਾਲ ਜਾਰੀ ਰਹੇਗੀ। ਉਨ੍ਹਾਂ ਦੱਸਿਆ ਕਿ 15 ਮਈ ਨੂੰ ਸ਼ਹੀਦ ਸੁਖਦੇਵ ਦਾ ਜਨਮ ਦਿਨ ਹੈ ਤੇ ਨਿਗਮ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਪਹਿਲੀ ਮਈ ਤਕ ਸਾਰੇ ਕੰਮ ਹੋ ਜਾਣਗੇ। ਇਸ ਬਾਰੇ ਚੌੜਾ ਬਾਜ਼ਾਰ ਵੱਲੋਂ ਜਨਮ ਸਥਾਨ ਨੂੰ ਸਿੱਧਾ ਰਾਹ ਦੇਣ ਲਈ ਜ਼ਮੀਨ ਐਕੁਆਇਰ ਕਰਨੀ ਹੈ, ਪਰ ਮਾਮਲਾ ਲਟਕ ਰਿਹਾ ਹੈ।

## ਪਟਿਆਲਾ ਹਿੰਸਾ ਦੇ ਮੁੱਖ ਦੋਸ਼ੀ ਬਰਜਿੰਦਰ ਪਰਵਾਨਾ ਦੀ ਭਾਜਪਾ ਆਗੂ ਸਿਰਸਾ ਨਾਲ ਨੇੜਤਾ ਦੇ ਚਰਚੇ

ਪਟਿਆਲਾ, 5 ਮਈ (ਪੋਸਟ ਬਿਊਰੋ)- ਬੀਤੀ 29 ਅਪ੍ਰੈਲ ਨੂੰ ਪਟਿਆਲਾ ਵਿਖੇ ਹੋਈ ਹਿੰਸਾ ਦੇ ਕੇਸ ਵਿੱਚ ਪੁਲਸ ਵੱਲੋਂ ਮੁੱਖ ਸਾਜ਼ਿਸ਼ ਕਰਤਾ ਦੱਸੇ ਗਏ ਬਰਜਿੰਦਰ ਸਿੰਘ ਪਰਵਾਨਾ ਨੇ ਰਿਮਾਂਡ ਦੌਰਾਨ ਭਾਜਪਾ ਨੇਤਾਵਾਂ ਨਾਲ ਨੇੜਤਾ ਦੇ ਸਬੂਤ ਪਟਿਆਲਾ ਪੁਲਸ ਨੂੰ ਦਿਤੇ ਹਨ। ਸੂਤਰਾਂ ਮੁਤਾਬਕ ਹਾਲੇ ਸਪੱਸ਼ਟ ਨਹੀਂ ਕਿ ਪਰਵਾਨਾ ਕਿਹੜੇ ਆਗੂਆਂ ਦੇ ਸੰਪਰਕ ਵਿੱਚ ਸੀ। ਸੂਤਰਾਂ ਦਾ ਕਹਿਣਾ ਹੈ ਕਿ ਪਟਿਆਲਾ ਪੁਲਸ ਦੀਆਂ 20 ਟੀਮਾਂ ਕੇਸ ਦੀਆਂ ਕੜੀਆਂ ਜੋੜਨ ਲਈ 24 ਘੰਟੇ ਕੰਮ ਕਰ ਰਹੀਆਂ ਹਨ। ਜਾਂਚ ਦੌਰਾਨ ਪੁਲਸ ਦੇ ਹੱਥ ਕਈ ਅਹਿਮ ਸੁਰਾਗ ਲੱਗਣ ਬਾਰੇ ਵੀ ਦੱਸਿਆ ਜਾ ਰਿਹਾ ਹੈ। ਦੂਜੇ ਪਾਸੇ ਸੋਸ਼ਲ ਮੀਡੀਆ ਉੱਤੇ ਪਰਵਾਨਾ ਦੀ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨਾਲ ਤਸਵੀਰ ਅਤੇ ਵੀਡੀਓ ਵਾਇਰਲ ਹੋ ਰਹੀ ਹੈ। ਇਸ ਵੀਡੀਓ ਵਿੱਚ ਪਰਵਾਨਾ ਭਾਜਪਾ ਆਗੂ ਸਿਰਸਾ ਦੇ ਪੈਰੀਂ ਹੱਥ ਲਾ ਰਿਹਾ ਹੈ।



ਮਿਲੀ ਸੂਚਨਾ ਅਨੁਸਾਰ ਪਟਿਆਲਾ ਪੁਲਸ ਵੱਲੋਂ ਦਰਜ ਕੀਤੇ ਛੇ ਤੋਂ ਵੱਧ ਕੇਸਾਂ ਦੀ ਬਾਰੀਕੀ ਨਾਲ ਜਾਂਚ ਕਰਨ ਉਪਰੰਤ ਭਾਜਪਾ ਦੇ ਦੋ ਕਾਰਕੁੰਨਾਂ ਨੂੰ ਕੇਸ ਵਿੱਚ ਨਾਮਜ਼ਦ ਕਰਨ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਤੋਂ ਮੁਲਜ਼ਮਾਂ ਨੂੰ ਫੜਿਆ ਗਿਆ ਹੈ। ਇਸ ਤੋਂ ਇਲਾਵਾ ਪਟਿਆਲਾ ਹਿੰਸਾ ਵਾਲੇ ਦਿਨ ਸੋਸ਼ਲ ਮੀਡੀਆ ਉੱਤੇ ਭੜਕਾਊ ਪ੍ਰਚਾਰ ਜਾਂ ਸੰਦੇਸ਼ ਵਾਇਰਲ ਕਰਨ ਵਾਲੇ ਵੀ ਪਟਿਆਲਾ ਪੁਲਸ ਦੀ ਰਡਾਰ ਉੱਤੇ ਹਨ। ਦੂਸਰੇ ਪਾਸੇ ਪਟਿਆਲਾ ਹਿੰਸਾ ਕੇਸ ਵਿੱਚ ਸੋਸ਼ਲ ਮੀਡੀਆ ਉੱਤੇ ਭੜਕਾਊ ਪ੍ਰਚਾਰ ਦੇ ਕੇਸ ਵਿੱਚ ਨਾਮਜ਼ਦ ਅਸ਼ਵਨੀ ਕੁਮਾਰ (ਗੱਗੀ ਪੰਡਿਤ) ਨੂੰ ਪੁਲਸ ਰਿਮਾਂਡ ਮਗਰੋਂ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਅਦਾਲਤ ਨੇ ਗੱਗੀ ਪੰਡਿਤ ਨੂੰ 14 ਦਿਨਾਂ ਲਈ ਜੇਲ੍ਹ ਭੇਜ ਦਿੱਤਾ ਹੈ।ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਬਲਜਿੰਦਰ ਸਿੰਘ ਵਾਸੀ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦਾ ਪਤਾ ਲੈਣ ਲਈ ਡੀ ਐਮ ਸੀ ਲੁਧਿਆਣਾ ਦੇ ਡਾਕਟਰ ਪਟਿਆਲਾ ਪੁੱਜੇ। ਇਸ ਦੌਰਾਨ ਬਰਜਿੰਦਰ ਸਿੰਘ ਪਰਵਾਨਾ ਦੀ ਪਤਨੀ ਬੀਬੀ ਰਮਨਦੀਪ ਕੌਰ ਨੇ ਅਦਾਲਤ ਨੂੰ ਅਰਜ਼ੀ ਪੇਸ਼ ਕਰਕੇ ਵਕੀਲਾਂ ਸਮੇਤਪਰਵਾਨਾ ਨੂੰ ਮਿਲਣ ਦੀ ਆਗਿਆ ਮੰਗੀ ਅਤੇ ਅਪੀਲ ਕੀਤੀ ਕਿ ਪਰਵਾਨਾ ਬਲੱਡ ਪ੍ਰੈਸ਼ਰ ਦਾ ਮਰੀਜ਼ ਹੋਣ ਕਾਰਨ ਉਨ੍ਹਾਂ ਦਾ ਹਰ ਛੇ ਘੰਟਿਆਂ ਬਾਅਦ ਮੈਡੀਕਲ ਕਰਵਾਇਆ ਜਾਵੇ।

ਦੂਜੇ ਪਾਸੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਉਸ ਦਾ ਪਰਵਾਨਾ ਨਾਲ ਕੋਈ ਸੰਬੰਧ ਨਹੀਂ, ਜਿਹੜੀ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ, ਉਹ ਉਦੋਂ ਦੀਪ ਸਿੱਧੂ ਦੇ ਘਰ ਅਫ਼ਸੋਸ ਕਰਨ ਗਏ ਸੀ ਪਰ ਉਹ ਪਰਵਾਨਾ ਨੂੰ ਨਾ ਜਾਣਦੇ ਹਨ ਤੇ ਨਾ ਹੀ ਕਦੇ ਮਿਲੇ ਹਨ।

## ਔਲਖ ਦੀ ਕੋਰੋਨਾ ਦਵਾਈ ਨੂੰ ਪੰਜਾਬ ਸਰਕਾਰ ਵੱਲੋਂ ਮਨਜ਼ੂਰੀ

ਲੁਧਿਆਣਾ, 5 ਮਈ (ਪੋਸਟ ਬਿਊਰੋ)- ਇਸ ਸ਼ਹਿਰ ਦੇ ਕੌਮਾਂਤਰੀ ਪੇਟੈਂਟ ਹੋਲਡਰ ਵਿਗਿਆਨੀ ਡਾ. ਬੀ ਐਸ ਔਲਖ ਵੱਲੋਂ ਲੱਭੀ ਗਈ ਕੋਰੋਨਾ ਵਾਇਰਸ ਮਹਾਂਮਾਰੀ ਦੀ ਦਵਾਈ ਨੂੰ ਪੰਜਾਬ ਸਰਕਾਰ ਦੇ ਆਯੁਰਵੈਦਿਕ ਵਿਭਾਗ ਨੇ ਇਲਾਜ ਲਈ ਵਰਤੋਂ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ।
ਸੀ ਐਮ ਸੀ ਹਸਪਤਾਲ ਲੁਧਿਆਣਾ ਵਿੱਚ ਫਾਰਮਕਾਲੌਜੀ ਵਿਭਾਗ ਵਿੱਚ ਸੇਵਾ ਨਿਭਾ ਚੁੱਕੇ ਡਾ. ਔਲਖ, ਜਿਨ੍ਹਾਂ ਨੇ ਵਿਗਿਆਨਿਕ ਖੋਜਾਂ ਲਈ ਆਪਣੇ ਘਰ ਵਿੱਚ 'ਗ੍ਰੇਗਰ ਮੇਂਡਲ ਇੰਸਟੀਚਿਊਟ ਫ਼ਾਰ ਰਿਸਰਚ ਇਨ ਜੈਨੇਟਿਕਸ' ਦੇ ਨਾਂਅ ਹੇਠ ਲੈਬ ਬਣਾਈ ਹੋਈ ਹੈ, ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੰਜਾਬ ਸਰਕਾਰ ਦੇ ਆਯੁਰਵੈਦਿਕ ਵਿਭਾਗ ਨੇ




ਇਸ ਦਵਾਈ ਨੂੰ ਕੋਰੋਨਾ ਦੇ ਮੁੱਖ ਲੱਛਣਾ ਸੁੱਕੀ ਖੰਘ, ਬੁਖ਼ਾਰ, ਸਾਹ ਫੁੱਲਣਾ ਤੇ ਅੰਦਰੂਨੀ ਅੰਗਾਂ ਵਿੱਚ ਆਈ ਸੋਜ ਦੇ ਇਲਾਜ ਵਾਸਤੇ ਵਰਤਣ ਦੀ ਮਨਜ਼ੂਰੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਵਿਸ਼ਵ ਸਿਹਤ ਸੰਸਥਾ ਮੁਤਾਬਕ ਕੋਰੋਨਾ ਦੇ ਮੁੱਖ ਲੱਛਣ ਇਹੀ ਚਾਰੇ ਲੱਛਣ ਹਨ। ਇਸ ਮੌਕੇ ਔਲਖ ਨੇ ਦਾਅਵਾ ਕੀਤਾ ਕਿ ਫੇਫੜੇ, ਦਿੱਲ, ਗੁਰਦਿਆਂ ਅਤੇ ਦਿਮਾਗ਼ ਆਦਿ ਅੰਗਾਂ ਵਿੱਚ ਆਈ ਸੋਜਿਸ਼ ਇਸ ਨਾਲ ਕੰਟਰੋਲ ਕੀਤੀ ਜਾ ਸਕਦੀ ਹੈ। ਉਸ ਨੇ 'ਐਲਪ੍ਰੋ ਸੌਕਸ਼ਮ' ਨਾਮਕ ਇਹ ਦਵਾਈ ਸ਼ੁੱਧ ਕੁਦਰਤੀ ਜੜੀ-ਬੂਟੀਆਂ ਨਾਲ ਤਿਆਰ ਕੀਤੀ ਗਈ ਹੈ।

## ਪਟਿਆਲਾ ਹਿੰਸਾ ਦੀ ਜਾਂਚ ਲਈ ਐੱਸ ਆਈ ਟੀ ਬਣਾਈ ਗਈ

ਪਟਿਆਲਾ, 5 ਮਈ (ਪੋਸਟ ਬਿਊਰੋ)- ਪਟਿਆਲਾ ਹਿੰਸਾ ਕੇਸ ਦੀ ਬਾਰੀਕੀ ਨਾਲ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾ ਦਿੱਤੀ ਗਈ ਹੈ। ਇਸਦੀ ਪੁਸ਼ਟੀ ਕਰਦਿਆਂ ਪਟਿਆਲਾ ਦੇ ਐਸ ਐਸ ਪੀ ਨੇ ਦੱਸਿਆ ਕਿ ਉਸਕੇਸਦੇ ਵੱਖ-ਵੱਖ ਪਹਿਲੂਆਂ ਦੀ ਬਰੀਕੀ ਨਾਲ ਜਾਂਚ ਕਰਕੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਉਨ੍ਹਾਂ ਨੇ ਵਿਸ਼ੇਸ਼ ਟੀਮ ਬਣਾਈ ਹੈ, ਜਿਸ ਦੀ ਅਗਵਾਈ ਐਸ ਪੀ ਜਾਂਚ ਡਾ. ਮਹਿਤਾਬ ਸਿੰਘ ਕਰਨਗੇ। ਟੀਮ ਵਿੱਚ ਡੀ ਐਸ ਪੀ ਜਾਂਚ ਅਜੈਪਾਲ ਸਿੰਘ, ਡੀ ਐਸ ਪੀ ਕ੍ਰਿਸ਼ਨ ਕੁਮਾਰ ਪੈਂਥੇ ਅਤੇ ਸੀ ਆਈ ਏ ਪਟਿਆਲਾ ਦੇ ਮੁਖੀ ਇੰਸਪੈਕਟਰ ਸ਼ਮਿੰਦਰ ਸਿੰਘ ਅਤੇ ਥਾਣਾ ਕੋਤਵਾਲੀ




ਦੇ ਮੁਖੀ ਵੀ ਸ਼ਾਮਲ ਹਨ। ਸ਼ਮਿੰਦਰ ਸਿੰਘ ਇਸ ਤੋਂ ਪਹਿਲਾਂ ਵੀ ਨਾਭਾ ਜੇਲ੍ਹ ਕਾਂਡ, ਨਾਜਾਇਜ਼ ਹਥਿਆਰਾਂ ਦੀ ਤਸਕਰੀ ਤੋਂ ਇਲਾਵਾ ਹੋਰ ਕਈ ਵੱਡੇ ਕੇਸਾਂ ਵਿੱਚ ਅਹਿਮ ਭੂਮਿਕਾ ਨਿਭਾਅ ਚੁੱਕੇ ਹਨ।

ਪਤਾ ਲੱਗਾ ਹੈ ਕਿ ਐਸ ਪੀ ਡੀ ਡਾ. ਮਹਿਤਾਬ ਸਿੰਘ ਅਤੇ ਡੀ ਐਸ ਪੀ ਕ੍ਰਿਸ਼ਨ ਕੁਮਾਰ ਪੈਂਥੇ ਕਈ ਵੱਡੇ ਕੇਸਾਂ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਮੰਨੇ ਜਾਂਦੇ ਹਨ। ਵਰਨਣ ਯੋਗ ਹੈ ਕਿ 29 ਅਪ੍ਰੈਲ ਨੂੰ ਹੋਈ ਹਿੰਸਕ ਘਟਨਾ ਤੋਂ ਬਾਅਦ ਇਸ ਕੇਸ ਨੂੰ ਸੁਲਝਾਉਣ ਲਈ ਪਟਿਆਲਾ ਪੁਲਸ ਦੀਆਂ 20 ਟੀਮਾਂ ਪਹਿਲਾਂ ਤੋਂ ਹੀ ਕੰਮ ਕਰ ਰਹੀਆਂ ਹਨ ਅਤੇ ਕੁਝ ਸੁਰਾਗ ਮਿਲਣ ਦੀ ਵੀ ਚਰਚਾ ਹੈ।

## ਪਿਛਲੀ ਸਰਕਾਰ ਸਮੇਂ ਇਨ੍ਹਾਂ ਜਲੰਧਰੀਏ ਵਿਧਾਇਕਾਂ ਨੇ ਕੋਈ ਸਵਾਲ ਹੀ ਨਹੀਂ ਪੁੱਛਿਆ

ਜਲੰਧਰ, 5 ਮਈ (ਪੋਸਟ ਬਿਊਰੋ)- ਕਈ ਵਿਧਾਇਕ ਜਿੱਥੇ ਵਿਧਾਨ ਸਭਾ ਵਿੱਚ ਪ੍ਰਸ਼ਨ ਪੁੱਛਣ ਦਾ ਰਿਕਾਰਡ ਬਣਾ ਦਿੰਦੇ ਹਨ, ਓਥੇ ਕਈ ਅਜਿਹੇ ਹੁੰਦੇ ਹਨ, ਜੋ ਪ੍ਰਸ਼ਨ ਨਾ ਪੁੱਛਣ ਦਾ ਰਿਕਾਰਡ ਬਣਾਉਂਦੇ ਹਨ। ਪਿਛਲੀ ਕਾਂਗਰਸ ਸਰਕਾਰ ਵਿੱਚ ਜਲੰਧਰ ਦੇ ਕਾਂਗਰਸੀ ਵਿਧਾਇਕਾਂ ਨੇ ਪ੍ਰਸ਼ਨ ਨਾ ਪੁੱਛਣ ਦਾ ਰਿਕਾਰਡ ਬਣਾ ਧਰਿਆ ਹੈ।



ਕਾਂਗਰਸ ਪਾਰਟੀ ਦੇ ਸੀਨੀਅਰ ਨੇਤਾ ਸੰਜੇ ਸਹਿਗਲ ਦੀ ਇੱਕ ਆਰ ਟੀ ਆਈ ਅਰਜ਼ੀ ਨਾਲ ਖੁਲਾਸਾ ਹੋਇਆ ਹੈ ਕਿ ਸਾਲ 2017 ਤੋਂ 2022 ਤਕ ਕਾਂਗਰਸ ਸਰਕਾਰ ਦੌਰਾਨ ਪੰਜਾਬ ਵਿਧਾਨ ਸਭਾ ਵਿੱਚ ਜਲੰਧਰ ਦੀਆਂ ਵਿਧਾਨ ਸਭਾ ਦੀਆਂ ਸੀਟਾਂ ਤੋਂ ਚੁਣੇ ਕਾਂਗਰਸੀ ਵਿਧਾਇਕਾਂ ਨੇ ਇੱਕ ਵੀ ਸਵਾਲ ਨਹੀਂ ਪੁੱਛਿਆ। ਅਕਾਲੀ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ, ਪਵਨ ਕੁਮਾਰ ਟੀਨੂ ਅਤੇ ਬਲਦੇਵ ਸਿੰਘ ਖਹਿਰਾ ਨੇ ਆਪੋ-ਆਪਣੇ ਵਿਧਾਨ ਸਭਾ ਹਲਕਿਆਂ ਤੇ ਪੰਜਾਬ ਦੀਆਂ ਨੀਤੀਆਂ ਨਾਲ ਸਬੰਧਤ ਸਵਾਲ ਉਠਾਏ, ਪ੍ਰੰਤੂ 2017 ਤੋਂ 2022 ਦੌਰਾਨ ਕਾਂਗਰਸੀ ਵਿਧਾਇਕ ਪਰਗਟ ਸਿੰਘ, ਸੁਸ਼ੀਲ ਰਿੰਕੂ, ਰਾਜਿੰਦਰ ਬੇਰੀ, ਹਰਦੇਵ ਸਿੰਘ ਲਾਡੀ, ਅਵਤਾਰ ਸਿੰਘ ਜੂਨੀਅਰ, ਚੌਧਰੀ ਸੁਰਿੰਦਰ ਸਿੰਘ ਨੇ ਵਿਧਾਨ ਸਭਾ ਵਿੱਚ ਇੱਕ ਵੀ ਸਵਾਲ ਨਹੀਂ ਪੁੱਛਿਆ। ਕਾਂਗਰਸੀ ਨੇਤਾ ਸੰਜੇ ਸਹਿਗਲ ਨੇ ਕਿਹਾ ਕਿ ਇਹ ਅਫਸੋਸਨਾਕ ਹੈ ਕਿ ਕਾਂਗਰਸੀ ਵਿਧਾਇਕ ਪੰਜਾਬ ਵਿਧਾਨ ਸਭਾ ਵਿੱਚ ਖਾਮੋਸ਼ ਬਣੇ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਵਿਧਾਇਕਾਂ ਨੇ ਆਪਣੇ ਵਿਧਾਨ ਸਭਾ ਹਲਕਿਆਂ ਬਾਰੇ ਜਨਤਾ ਨਾਲ ਕਈ ਵਾਅਦੇ ਕੀਤੇ ਸਨ, ਪਰ ਵਿਧਾਨ ਸਭਾ ਵਿੱਚ ਇੱਕ ਵੀ ਸਵਾਲ ਨਹੀਂ ਪੁੱਛਿਆ।

## ਮੋਬਾਈਲ ਲੁੱਟ ਕੇ ਫ਼ਰਾਰ ਹੁੰਦਾ ਲੁਟੇਰਾ ਸਾਥੀ ਸਮੇਤ ਕਾਬੂ

ਜਲੰਧਰ, 5 ਮਈ (ਪੋਸਟ ਬਿਊਰੋ)- ਬੀ ਐਮ ਸੀ ਚੌਕ ਨੇੜੇ ਬੱਸ ਅੱਡਾ ਚੌਕੀ ਦੀ ਪੁਲਸ ਨੇ ਲੁੱਟ ਦੀ ਵਾਰਦਾਤ ਕਰਕੇ ਫ਼ਰਾਰ ਹੁੰਦੇ ਲੁਟੇਰੇ ਨੂੰ ਉਸਦੇ ਨਾਬਾਲਗ ਸਾਥੀ ਸਮੇਤ ਗ੍ਰਿਫ਼ਤਾਰ ਕੀਤਾ ਹੈ। ਦੋਸ਼ੀ ਦੀ ਪਛਾਣ ਮੈਥਿਊ ਮਸੀਹ ਪੁੱਤਰ ਜਸਬੀਰ ਮਸੀਹ ਵਾਸੀ ਜਸਵੰਤ ਨਗਰ, ਜਲੰਧਰ ਵਜੋਂ ਦੱਸੀ ਗਈ ਹੈ। ਪੁਲਸ ਨੇ ਦੱਸਿਆ ਕਿ ਦਿਨੇਸ਼ ਕੁਮਾਰ ਵਾਸੀ ਸ਼ਿਮਲਾ ਬੱਸ ਅੱਡੇ ਤੋਂ ਮੈਨਬਰੋ ਚੌਕ ਨੂੰ ਪੈਦਲ ਜਾ ਰਿਹਾ ਸੀ। ਜਦੋਂ ਉਹ ਸਮਰਾ ਚੌਕ ਨੇੜੇ ਪਹੁੰਚਿਆ ਤਾਂ ਮੋਟਰਸਾਈਕਲ ਉੱਤੇ ਆਏ ਦੋ ਲੁਟੇਰਿਆਂ ਨੇ ਉਸ ਦਾ ਮੋਬਾਈਲ ਫ਼ੋਨ ਲੁੱਟ ਲਿਆ ਅਤੇ ਬੀ ਐਮ ਸੀ ਚੌਕ ਵੱਲ ਮੋਟਰਸਾਈਕਲ ਭਜਾ ਲਿਆ। ਦਿਨੇਸ਼ ਵੱਲੋਂ ਰੌਲਾ ਪਾਉਣ ਉੱਤੇ ਲੋਕ ਉਨ੍ਹਾਂ ਲੁਟੇਰਿਆਂ ਦਾ ਪਿੱਛਾ ਕਰਨ ਲੱਗੇ। ਜਦੋਂ ਲੁਟੇਰੇ ਬੀ ਐਮ ਸੀ ਚੌਕ ਨੇੜੇ ਪਹੁੰਚੇ ਤਾਂ ਉਥੇ ਨਾਕਾ ਲਾ ਕੇ ਖੜ੍ਹੀਪੁਲਸ ਨੇ ਦੋਵੇਂ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਜਾਂਚ ਦੌਰਾਨ ਪਤਾ ਲੱਗਾ ਕਿ ਮੋਟਰਸਾਈਕਲ ਦੇ ਪਿੱਛੇ ਬੈਠਾ ਲੜਕਾ ਨਾਬਾਲਗ ਹੈ।


## ਬੈਂਸ ਦੀ ਪੋਸਟ ਨਾਲ ਹਲਚਲ: ਚਿੜੀਆਂ ਰਾਹ ਬਦਲਦੀਆਂ ਹੋਣਗੀਆਂ, ਬਾਜ਼ ਹਮੇਸ਼ਾ ਤੂਫਾਨਾਂ ਦੇ ਉਲਟ ਉਡਦੈ

*** ਸਿਮਰਜੀਤ ਬੈਂਸ ਤੇ ਹੋਰਨਾਂ ਦੀ ਜਾਇਦਾਦ ਕੁਰਕ, ਛਾਪੇ ਜਾਰੀ**



ਲੁਧਿਆਣਾ, 5 ਮਈ (ਪੋਸਟ ਬਿਊਰੋ)- ਬਲਾਤਕਾਰਕੇਸ ਦਾ ਭਗੌੜਾ ਕਰਾਰ ਦੇਣਪਿੱਛੋਂ ਵਾਂਟਿਡ ਦੇ ਪੋਸਟਰ ਲੱਗਣਉਤੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੀ ਫੇਸਬੁੱਕ ਪੋਸਟ ਨਾਲ ਚਰਚਾ ਛਿੜ ਗਈ ਹੈ। ਇਸ ਵਿੱਚ ਲਿਖਿਆ ਹੈ: ਬੱਦਲਾਂ ਦੀ ਗਰਜ਼ ਸੁਣ ਕੇ ਚਿੜੀਆਂ ਆਪਣਾ ਰਸਤਾ ਬਦਲ ਲੈਂਦੀਆਂ ਹੋਣਗੀਆਂ, ਬਾਜ਼ ਹਮੇਸ਼ਾ ਤੂਫਾਨਾਂ ਦੇ ਉਲਟ ਉਡਦਾ ਹੈ ਅਤੇ ਮੰਜ਼ਿਲ ਫਤਿਹ ਕਰਦਾ ਹੈ।ਇਹ ਪਹਿਲੀ ਵਾਰ ਨਹੀਂ ਕਿ ਸਿਆਸੀ ਬਦਲਾਖੋਰੀ ਲਈ ਝੂਠੇ ਪੁਲਸ ਕੇਸ ਦਰਜ ਕੀਤੇ ਗਏ ਹਨ। ਸਮੇਂ ਦੀ ਗੱਲ ਹੈ ਤੇ ਵਾਹਿਗੁਰੂ ਦੀ ਬਖਸ਼ਿਸ਼ ਸਦਕਾ ਪਾਕਿ-ਸਾਫ ਹੋ ਕੇ ਇਸ ਕੇਸ ਵਿੱਚੋਂ ਬਾਹਰ ਆਵਾਂਗਾ ਤੇ ਸਾਜ਼ਿਸ਼ ਰਚਣ ਵਾਲਿਆਂ ਨੂੰ ਬੇਨਕਾਬ ਕਰ ਕੇ ਸਾਹ ਲਵਾਂਗਾ, ਲੋਕ ਇਨਸਾਫ ਪਾਰਟੀ।

ਵਰਨਣ ਯੋਗ ਹੈ ਕਿ ਏਥੇ ਇੱਕ ਮਹਿਲਾ ਨਾਲ ਬਲਾਤਕਾਰ ਦੇ ਨੌਂ ਮਹੀਨੇ ਪੁਰਾਣੇ ਕੇਸ ਵਿੱਚ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸਨੂੰ 11 ਅਪ੍ਰੈਲ ਨੂੰ ਜੁਡੀਸ਼ਲ ਮੈਜਿਸਟਰੇਟ ਹਰਸਿਮਰਨਜੀਤ ਕੌਰ ਦੀ ਅਦਾਲਤ ਨੇ ਭਗੌੜਾ ਕਰਾਰ ਦੇ ਕੇ ਇਸ ਕੇਸ ਵਿੱਚ ਬੈਂਸ ਅਤੇ ਹੋਰਨਾਂਦੋਸ਼ੀਆਂ ਦੀ ਜਾਇਦਾਦ ਵੀ ਕੁਰਕ ਕਰ ਦਿੱਤੀ ਹੈ।ਬੈਂਸ ਨੂੰ ਗ੍ਰਿਫਤਾਰ ਕਰਨ ਲਈ ਪੁਲਸ ਕਈ ਥਾਈਂ ਛਾਪੇਮਾਰ ਰਹੀ ਹੈ ਅਤੇ ਇਸ ਸਮੇਂ ਇਹ ਪੋਸਟ ਕਾਫੀ ਅਹਿਮ ਹੈ। ਇਹ ਪੋਸਟ ਸਿਮਰਜੀਤ ਸਿੰਘ ਬੈਂਸ ਦੇ ਆਈ ਟੀ ਸੈਲ ਨੇ ਪਾਈ ਹੈ ਅਤੇ ਉਨ੍ਹਾਂ ਦੇ ਸਮੱਰਥਕ ਵੀ ਇਸ ਉੱਤੇ ਟਿੱਪਣੀ ਕਰ ਰਹੇ ਹਨ।



## ਬੇਅਦਬੀ ਕਾਂਡ: ਡੇਰਾ ਸਿਰਸਾ ਦੇ ਮੁਖੀ ਨੇ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ

*** ਗੁਰੂ ਗ੍ਰੰਥ ਸਾਹਿਬ ਚੋਰੀ ਕਰਨ ਦੇ ਕੇਸ ਵਿੱਚ ਜ਼ਮਾਨਤ**

ਫਰੀਦਕੋਟ, 5 ਮਈ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ, ਉਸ ਦੇ ਅੰਗ ਪਿੰਡਾਂ ਦੀਆਂ ਗਲੀਆਂ ਵਿੱਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਲਾਉਣ ਦੇ ਕੇਸ ਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੇ ਕੱਲ੍ਹ ਇੱਥੇ ਵੀਡੀਓ ਕਾਨਫਰੰਸ ਰਾਹੀਂ ਚੀਫ ਜੁਡੀਸ਼ਲ ਮੈਜਿਸਟਰੇਟ ਮੋਨਿਕਾ ਲਾਂਬਾ ਦੀ ਅਦਾਲਤ ਵਿੱਚ ਪੇਸ਼ੀ ਭੁਗਤੀ। ਜਾਂਚ ਟੀਮ ਡੇਰਾ ਮੁਖੀ ਨੂੰ ਅਦਾਲਤ ਵਿੱਚ ਲਿਆਉਣ ਲਈ ਪਿਛਲੇ ਇੱਕ ਸਾਲ ਤੋਂ ਚਾਰਾ ਕਰ ਰਹੀ ਸੀ, ਅਖੀਰ ਕੱਲ੍ਹ ਡੇਰਾ ਮੁਖੀ ਇਸ ਕਾਂਡ ਵਾਲੇ ਤਿੰਨਾਂ ਕੇਸਾਂ ਵਿੱਚ ਵੀਡੀਓ ਰਾਹੀਂ ਪੇਸ਼ ਹੋਇਆ। ਅਦਾਲਤ ਨੇ ਡੇਰਾ ਮੁਖੀ ਨੂੰ ਉਨ੍ਹਾਂ ਦੇ ਵਕੀਲ ਰਾਜੀਵ ਮੋਹਨ ਦੇ ਰਾਹੀਂ ਚਲਾਨ ਦੀਆਂ ਨਕਲਾਂ ਦਿੱਤੀਆਂ ਅਤੇ ਅਗਲੀ ਸੁਣਵਾਈ 16 ਮਈਨੂੰ ਰੱਖੀ ਹੈ।

ਡੇਰਾ ਮੁਖੀ ਦੇ ਵਕੀਲਾਂ ਨੇ ਕੱਲ੍ਹ ਤਿੰਨਾਂਕੇਸਾਂ ਵਿੱਚ ਜ਼ਮਾਨਤ ਅਰਜ਼ੀਆਂ ਲਾ ਕੇ ਡੇਰਾ ਮੁਖੀ ਨੂੰ ਚੱਲਦੇ ਕੇਸ ਦੌਰਾਨਜ਼ਮਾਨਤ ਦੇਣ ਦੀ ਮੰਗ ਕੀਤੀ। ਅਦਾਲਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਦੇ ਕੇਸ ਵਿੱਚ ਡੇਰਾ



ਮੁਖੀ ਨੂੰ ਜ਼ਮਾਨਤ ਦੇਣ ਦਾ ਹੁਕਮ ਦਿੱਤਾ, ਪਰ ਦੂਸਰੇ ਦੋ ਕੇਸਾਂਦੀ ਜ਼ਮਾਨਤ ਦਾ ਫੈਸਲਾ ਛੇ ਮਈ ਨੂੰ ਹੋਵੇਗਾ। ਅਦਾਲਤ ਨੇ ਡੇਰਾ ਮੁਖੀ ਦੀਆਂ ਜ਼ਮਾਨਤ ਅਰਜ਼ੀਆਂ ਉੱਤੇ ਪੰਜਾਬ ਸਰਕਾਰ ਨੂੰ ਆਪਣਾ ਪੱਖ ਪੇਸ਼ ਕਰਨ ਨੂੰ ਕਿਹਾ ਹੈ। ਕੱਲ੍ਹ ਡੇਰਾ ਮੁਖੀ ਪੇਸ਼ੀ ਸਮੇਂ ਕਰੀਬ 10 ਵਜੇ ਅਦਾਲਤ ਵਿੱਚ ਹਾਜ਼ਰ ਸੀ, ਪਰ ਵਿਸ਼ੇਸ਼ ਜਾਂਚ ਅਧਿਕਾਰੀ ਜਾਂ ਉਨ੍ਹਾਂ ਦਾ ਕੋਈ ਵੀ ਨੁਮਾਇੰਦਾ ਸੁਣਵਾਈ ਦੌਰਾਨ ਅਦਾਲਤ ਵਿੱਚ ਨਹੀਂ ਸੀ। ਇਸ ਕੇਸ ਵਿੱਚ ਪੰਜਾਬ ਸਰਕਾਰ ਦਾ ਪੱਖ ਰੱਖਣ ਲਈ ਸਰਕਾਰੀ ਵਕੀਲ ਵੀ ਕਾਫੀ ਦੇਰੀ ਨਾਲ ਅਦਾਲਤ ਪੁੱਜਾ। ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿੱਚ ਹਾਜ਼ਰੀ ਲੁਆਉਂਦਿਆਂ ਜਿੰਨਾ ਚਿਰ ਸੁਣਵਾਈ ਚੱਲਦੀ ਰਹੀ,ਡੇਰਾ ਮੁਖੀ ਹੱਥ ਜੋੜ ਕੇ ਅਤੇ ਸਿਰ ਝੁਕਾ ਕੇ ਅਦਾਲਤ ਮੂਹਰੇ ਖੜ੍ਹਾ ਰਿਹਾ। ਇਨ੍ਹਾਂ ਕੇਸਾਂ ਵਿੱਚ ਨਾਮਜ਼ਦ ਸੱਤ ਹੋਰ ਡੇਰਾ ਪ੍ਰੇਮੀ ਵੀ ਅਦਾਲਤ ਵਿੱਚ ਹਾਜ਼ਰ ਸਨ।

# ਪ੍ਰੈਸ ਦੀ ਆਜ਼ਾਦੀ ’ਚ ਤਿਲਕ ਕੇ ਭਾਰਤ 150ਵੇਂ ਸਥਾਨ ’ਤੇ ਡਿੱਗਿਆ




ਨਵੀਂ ਦਿੱਲੀ, 5 ਮਈ (ਪੋਸਟ ਬਿਊਰੋ)- ਸੰਸਾਰ ਪੱਧਰ ਉੱਤੇ ਮੀਡੀਆ ਦੀ ਆਜ਼ਾਦੀ ਦਾ ਮੁਲਾਂਕਣ ਕਰਨ ਵਾਲੀ ਸੰਸਥਾ ‘ਰਿਪੋਰਟਰਜ਼ ਵਿਦਾਊਟ ਬਾਰਡਰਜ਼’ ਵੱਲੋਂ ਜਾਰੀ ਰਿਪੋਰਟ ਮੁਤਾਬਕ ‘ਵਿਸ਼ਵ ਪ੍ਰੈਸ ਆਜ਼ਾਦੀ ਇੰਡੈਕਸ’ ਵਿੱਚ 180 ਦੇਸ਼ਾਂ ਦੀ ਸੂਚੀ ਵਿੱਚ ਭਾਰਤ ਦਾ ਰੈਂਕ ਪਿਛਲੇ ਸਾਲ ਦੇ 142ਵੇਂ ਨੰਬਰ ਦੇ ਮੁਕਾਬਲੇ ਖਿਸਕ ਕੇ 150ਵੇਂ ਸਥਾਨ ਉੱਤੇ ਚਲਾ ਗਿਆ ਹੈ। ਭਾਰਤ ਦੇ ਗੁਆਂਢੀ ਦੇਸ਼ਾਂ ਵਿੱਚੋਂ ਨੇਪਾਲ ਨੂੰ ਛੱਡ ਕੇ ਬਾਕੀ ਸਾਰੇ ਦੇਸ਼ਾਂ ਦੀ ਰੈਂਕਿੰਗ ਵੀ ਖਿਸਕ ਕੇ ਹੇਠਾਂ ਆ ਗਈ ਹੈ, ਜਿਸ ਮੁਤਾ-ਬਕ ਪਾਕਿਸਤਾਨ 157ਵੇਂ ਸਥਾਨ, ਸ੍ਰੀਲੰਕਾ 146ਵੇਂ, ਬੰਗਲਾ ਦੇਸ਼ 162ਵੇਂ ਅਤੇ ਮਿਆਂਮਾਰ 176ਵੇਂ ਸਥਾਨ ਉੱਤੇ ਹੈ, ਜਿਸ ਤੋਂ ਮਾੜੀ ਹਾਲਤ ਦਾ ਪਤਾ ਚੱਲਦਾ ਹੈ।

ਆਰ ਐਸ ਐਫ-2022 ਵਰਲਡ ਪ੍ਰੈਸ ਫਰੀਡਮ ਇੰਡੈਕਸ ਮੁਤਾਬਕ ਨੇਪਾਲ 30 ਪੁਆਇੰਟ ਵਾਧੇ ਨਾਲ 76ਵੇਂ ਸਥਾਨ ਉੱਤੇ ਪੁੱਜ ਗਿਆ ਹੈ, ਜੋ ਪਿਛਲੇ ਸਾਲ 106ਵੇਂ ਥਾਂ ਉੱਤੇ ਸੀ। ਇਸ ਸਾਲ ਨਾਰਵੇ (ਪਹਿਲੇ), ਡੈਨਮਾਰਕ (ਦੂਜੇ), ਸਵੀਡਨ (ਤੀਜੇ), ਐਸਟੋਨੀਆ (ਚੌਥੇ) ਅਤੇ ਫਿਨਲੈਂਡ (ਪੰਜਵੇਂ) ਪਹਿਲੇ ਪੰਜ ਦੇਸ਼ਾਂ ਵਿੱਚਸ਼ਾਮਲ ਹਨ ਅਤੇ ਉਤਰੀ ਕੋਰੀਆ ਇਸ ਸੂਚੀ ਵਿੱਚ ਸਭ ਤੋਂ ਆਖਰੀ 180ਵੇਂ ਸਥਾਨ ਉੱਤੇ ਹੈ। ਇਸ ਸੂਚੀ ਵਿੱਚ ਰੂਸ ਦਾ ਸਥਾਨ 155ਵਾਂ, ਜਦ ਕਿ ਚੀਨ ਦਾ ਸਥਾਨ 175ਵਾਂ ਹੈ।ਕੌਮਾਂਤਰੀ ਐਨ ਜੀ ਓ ਰਿਪੋਰਟਰਜ਼ ਵਿਦਾਊਟ ਬਾਰਡਰਜ਼ ਵੱਲੋਂ ਵੈਬਸਾਈਟ ਉੱਤੇ ਜਾਰੀ ਬਿਆਨ ਮੁਤਾਬਕ ਇਸ ਸੰਸਥਾ ਤੇ ਨੌਂ ਹੋਰ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਭਾਰਤੀ ਅਧਿਕਾਰੀਆਂ ਨੂੰ ਪੱਤਰਕਾਰਾਂ ਤੇ ਆਨਲਾਈਨ ਮੰਚ ਦੇ ਆਲੋਚਕਾਂ ਨੂੰ ਨਿਸ਼ਾਨਾ ਬਣਾਉਣ ਤੋਂ ਗੁਰੇਜ਼ ਕਰਨ ਲਈ ਕਿਹਾ ਹੈ।

## ਕਲਾਸ ਰੂਮ ਵਿੱਚ ਸ਼ਰਾਰਤੀ ਨੇ ਦਾਖਲ ਹੋ ਕੇ ਦੋ ਵਿਦਿਆਰਥਣਾਂ ਦੇ ਕੱਪੜੇ ਲਾਹੇ ਅਤੇ ਨਗਨ ਹੋ ਕੇ ਪੇਸ਼ਾਬ ਕੀਤਾ

ਨਵੀਂ ਦਿੱਲੀ, 5 ਮਈ (ਪੋਸਟ ਬਿਊਰੋ)- ਦਿੱਲੀ ਮਹਿਲਾ ਕਮਿਸ਼ਨ ਨੇ ਕੱਲ੍ਹ ਕਿਹਾ ਕਿ ਪੂਰਬੀ ਦਿੱਲੀ ਦੇ ਇੱਕ ਸਰਕਾਰੀ ਸਕੂਲ ਦੇ ਕਲਾਸਰੂਮ ਵਿੱਚ ਇੱਕ ਵਿਅਕਤੀ ਜਬਰੀ ਜਾ ਵੜਿਆ। ਉਸ ਨੇ ਦੋ ਵਿਦਿਆਰਥਣਾਂ ਦੇ ਕੱਪੜੇ ਉਤਾਰੇ ਅਤੇ ਉਨ੍ਹਾਂ ਦੇ ਸਾਹਮਣੇ ਨੰਗਾ ਹੋ ਕੇ ਪੇਸ਼ਾਬ ਕਰ ਦਿੱਤਾ। ਜਦੋਂ ਵਿਦਿਆਰਥਣਾਂ ਨੇ ਪ੍ਰਿੰਸੀਪਲ ਤੇ ਅਧਿਆਪਕਾਂ ਨੂੰ ਘਟਨਾ ਬਾਰੇ ਜਾਣਕਾਰੀ ਦਿੱਤੀ ਤਾਂ ਉਨ੍ਹਾਂ ਨੂੰ ਚੁੱਪ ਰਹਿਣ ਅਤੇ ਭੁੱਲਣ ਲਈ ਕਿਹਾ ਗਿਆ।



ਦਿੱਲੀ ਪੁਲਸ ਨੇ ਕਿਹਾ ਕਿ ਉਸ ਨੇ ਭਜਨਪੁਰਾ ਦੇ ਪੂਰਬੀ ਦਿੱਲੀ ਮਿਊਂਸੀਪਲ ਕਾਰਪੋਰੇਸ਼ਨ (ਈ ਡੀ ਐਮ ਸੀ) ਦੇ ਸਕੂਲ ਵਿੱਚ ਕੁੜੀਆਂ ਦੇ ਜਿਣਸੀ ਸ਼ੋਸ਼ਣ ਦਾ ਕੇਸ ਦਰਜ ਕੀਤਾ ਹੈ, ਪਰ ਪੁਲਸ ਨੇ ਘਟਨਾ ਦੇ ਵੇਰਵੇ ਨਹੀਂ ਦਿੱਤੇ। ਦਿੱਲੀ ਵਿੱਚਪੰਜਵੀਂ ਜਮਾਤ ਤਕ ਦੇ ਵਿਦਿਆਰਥੀ ਨਗਰ ਨਿਗਮ ਦੇ ਸਕੂਲਾਂ ਵਿੱਚ ਪੜ੍ਹਦੇ ਹਨ। ਦਿੱਲੀ ਮਹਿਲਾ ਕਮਿਸ਼ਨ ਨੇ 30 ਅਪ੍ਰੈਲ ਨੂੰ ਨੋਟਿਸ ਜਾਰੀ ਕੀਤਾ ਕਿ ਸਵੇਰੇ ਦੀ ਪ੍ਰਾਰਥਨਾ ਪਿੱਛੋਂ ਵਿਦਿਆਰਥੀ ਕਲਾਸ ਵਿੱਚ ਆਪਣੇ ਟੀਚਰ ਦੀ ਉਡੀਕ ਕਰ ਰਹੇ ਸਨ ਕਿ ਇੱਕ ਅਜਨਬੀ ਕਲਾਸ ਵਿੱਚਆ ਗਿਆ। ਉਸਨੇ ਇੱਕ ਵਿਦਿਆਰਥਣ ਦੇ ਕੱਪੜੇ ਲਾਹ ਦਿੱਤੇ ਤੇ ਉਸ ਨੂੰ ਅਸ਼ਲੀਲ ਸ਼ਬਦ ਕਹੇ। ਇਸ ਤੋਂ ਬਾਅਦ ਇੱਕ ਹੋਰ ਵਿਦਿਆਰਥਣ ਕੋਲ ਗਿਆ ਅਤੇ ਉਸ ਦੇ ਕੱਪੜੇ ਲਾਹ ਦਿੱਤੇ। ਦੋਸ਼ੀ ਨੇ ਕਲਾਸ ਰੂਮ ਦਾ ਦਰਵਾਜ਼ਾ ਬੰਦ ਕਰ ਕੇ ਵਿਦਿਆਰਥਣਾਂ ਸਾਹਮਣੇ ਪੇਸ਼ਾਬ ਕਰ ਦਿੱਤਾ। ਮਹਿਲਾ ਕਮਿਸ਼ਨ ਨੇ ਕਿਹਾ ਕਿ ਇਹ ਗੰਭੀਰ ਮਾਮਲਾ ਹੈ ਅਤੇ ਇਸ ਉੱਤੇ ਤੁਰੰਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

## ਦਿੱਲੀ ਵਿੱਚ ਮਜ਼ਦੂਰਾਂ ਲਈ ਬੱਸ ਦਾ ਸਫ਼ਰ ਮੁਫ਼ਤ ਕੀਤਾ ਗਿਆ

ਨਵੀਂ ਦਿੱਲੀ, 5 ਮਈ (ਪੋਸਟ ਬਿਊਰੋ)- ਦਿੱਲੀ ਦੇ ਨਿਰਮਾਣ ਮਜ਼ਦੂਰਾਂ ਲਈ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਤਿਹਾਸਕ ਯੋਜਨਾ ਹੇਠ ਮਜ਼ਦੂਰਾਂ ਲਈ ਮੁਫ਼ਤ ਪਾਸ ਦਿੱਤੇ ਹਨ, ਜਿਸ ਨਾਲ ਇਹ ਸਾਰੇ ਮਜ਼ਦੂਰ ਦਿੱਲੀ ਦੀਆਂ ਡੀ ਟੀ ਸੀ ਅਤੇ ਕਲੱ-ਸਟਰ ਬੱਸਾਂ ਵਿੱਚ ਫ੍ਰੀ ਸਫ਼ਰ ਕਰਨਗੇ। ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਦਿੱਲੀ ਦੇ ਨਿਰਮਾਣ ਸਥਾਨਾਂ ਉੱਤੇ ਕੰਮ ਕਰਦੇ ਮਿਸਤਰੀ, ਇਲੈਕਟ੍ਰੀਸ਼ੀਅਨ ਤੇ ਹੋਰ ਮਜ਼ਦੂਰਾਂ ਨੂੰ ਲਾਭ ਮਿਲੇਗਾ।

ਸਿਸੋਦੀਆ ਨੇ ਕਿਹਾ ਕਿ ਇਹ ਮਜ਼ਦੂਰ ਨਹੀਂ, ਨਿਰਮਾਤਾ ਹਨ। ਬਾਬਾ ਸਾਹਿਬ ਅਤੇ ਭਗਤ ਸਿੰਘ ਦੇ ਸੁਫਨੇ ਨੂੰ ਸਾਕਾਰ ਕਰਨ ਲਈ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਉਹ ਯੋਜਨਾਵਾਂ ਬਣਾ ਰਹੇ ਹਨ, ਜਿਨ੍ਹਾਂ ਨੂੰ ਕੁਦਰਤ ਤੋਂ ਸਭ ਤੋਂ ਘੱਟ ਮਿਲਿਆ, ਉਨ੍ਹਾਂ ਨੂੰ ਸਰਕਾਰ ਤੋਂ ਵੱਧ ਮਿਲੇ। ਦਿੱਲੀ ਵਿੱਚ ਮਹਿਲਾ ਕਲੈਕਟਰ ਜਾਂ ਮਜ਼ਦੂਰ ਹੋਵੇ, ਸਭ ਲਈ ਬੱਸ ਦਾ ਸਫ਼ਰ ਫ੍ਰੀ ਹੈ। ਅਸੀਂ ਘੱਟੋ-ਘੱਟ ਮਜ਼ਦੂਰੀ 8000 ਰੁਪਏ ਤੋਂ 16000 ਰੁਪਏ ਕੀਤੀ ਤਾਂ ਭਾਜਪਾ ਇਸ ਵਿਰੁੱਧ ਕੋਰਟ ਚਲੀ ਗਈ। ਅਸੀਂ ਲੜ ਕੇ ਕਾਨੂੰਨ ਪਾਸ ਕਰਾਇਆ, ਅੱਜ ਦੇਸ਼ ਵਿੱਚ ਸਭ ਤੋਂ ਵਧ ਮਜ਼ਦੂਰੀ ਦਿੱਲੀ ਵਿੱਚ ਹੈ।

# ਦੇਸ਼-ਧ੍ਰੋਹ ਕਾਨੂੰਨ ਮਾਮਲੇ ਵਿਚ ਭਾਰਤ ਸਰਕਾਰ ਨੇ ਐਫੀਡੇਵਿਟ ਲਈ ਸੁਪਰੀਮ ਕੋਰਟ ਤੋਂ ਹੋਰ ਸਮਾਂ ਮੰਗਿਆ

ਨਵੀਂ ਦਿੱਲੀ, 5 ਮਈ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਬਸਤੀਵਾਦੀ ਯੁੱਗ ਦੇ ਦੇਸ਼-ਧ੍ਰੋਹ ਕਾਨੂੰਨ ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ ਬਾਰੇ ਐਫੀਡੇਵਿਟ ਪੇਸ਼ ਕਰਨ ਲਈ ਸੁਪਰੀਮ ਕੋਰਟ ਤੋਂ ਸਮਾਂ ਮੰਗਿਆ ਹੈ। ਚੀਫ ਜਸਟਿਸ ਐਨ ਵੀ ਰਾਮੰਨਾ, ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਹਿਮਾ ਕੋਹਲੀ ਦੇ ਬੈਂਚ ਨੇ 27 ਅਪ੍ਰੈਲ ਨੂੰ ਪਿਛਲੀ ਸੁਣਵਾਈ ਮੌਕੇ ਕੇਂਦਰ ਸਰਕਾਰ ਨੂੰ ਐਫੀਡੇਵਿਟ ਪੇਸ਼ ਕਰਨ ਨੂੰ ਕਿਹਾ ਸੀ ਕਿ ਇਸ ਬਾਰੇ ਅੰਤ੍ਰਿਮ ਸੁਣਵਾਈ ਪੰਜ ਮਈ ਨੂੰ ਹੋਵੇਗੀ ਤੇ ਸੁਣਵਾਈ ਮੁਲਤਵੀ ਕਰਨ ਦੀ ਕਿਸੇ ਵੀ ਗੁਜ਼ਾਰਿਸ਼ ਉੱਤੇਵਿਚਾਰ ਨਹੀਂ ਕੀਤਾ ਜਾਵੇਗਾ।

ਕੇਂਦਰ ਸਰਕਾਰ ਨੇ ਕੱਲ੍ਹ ਕੋਰਟ ਵਿੱਚ ਕਿਹਾ ਕਿਐਫੀਡੇਵਿਟਦਾ ਖਰੜਾ ਤਿਆਰ ਹੈ ਤੇ ਸਮਰਥ ਅਥਾਰਟੀ ਵੱਲੋਂ ਹਰੀ ਝੰਡੀ ਦੀ ਉਡੀਕ ਹੈ। ਸੁਪਰੀਮ ਕੋਰਟ ਨੇ ਆਪਣੇ ਪਿਛਲੇ ਹੁਕਮਾਂ ਵਿੱਚਕਿਹਾ ਸੀ ਕਿ ਈ ਪੀ ਸੀ ਦੀ ਧਾਰਾ 124 ਏ (ਦੇਸ਼ਧ੍ਰੋਹ) ਦੀ ਵੈਧਤਾ ਨੂੰ ਚੁਣੌਤੀ ਦੇ ਰਹੇ ਪਟੀਸ਼ਨਰਾਂ ਦੇ ਸੀਨੀਅਰ



ਵਕੀਲ ਕਪਿਲ ਸਿੱਬਲ ਸੁਣਵਾਈ ਮੌਕੇ ਦਲੀਲਾਂ ਪੇਸ਼ ਕਰਨਗੇ। ਦੇਸ਼ਧ੍ਰੋਹ ਬਾਰੇ ਕਾਨੂੰਨ ਦੀ ਵੱਡੇ ਪੱਧਰ ਉੱਤੇ ਦੁਰਵਰਤੋਂ ਦੇ ਕਾਰਨ ਫਿਕਰਮੰਦ ਅਦਾਲਤ ਨੇ ਪਿਛਲੇ ਸਾਲ ਜੁਲਾਈ ਵਿੱਚ ਕੇਂਦਰ ਸਰਕਾਰ ਨੂੰ ਸਵਾਲ ਕੀਤਾ ਸੀ ਕਿ ਕਾਨੂੰਨ ਦੀਆਂ ਵਿਵਸਥਾਵਾਂ ਨੂੰ ਬ੍ਰਿਟਿਸ਼ ਸ਼ਾਸਕ ਮਹਾਤਮਾ ਗਾਂਧੀ ਵਰਗੇ ਲੋਕਾਂ ਨੂੰ ਖਾਮੋਸ਼ ਕਰਨ ਲਈ ਵਰਤਦੇ ਰਹੇ ਸਨ ਤਾਂ ਇਹ ਅਜੇ ਤਕ ਬਦਲਿਆ ਕਿਉਂ ਨਹੀਂ। ਸੁਪਰੀਮ ਕੋਰਟ ਨੇ ਭਾਰਤੀ ਐਡੀਟਰਜ਼ ਗਿਲਡ ਅਤੇ ਸਾਬਕਾ ਮੇਜਰ ਜਨਰਲ ਐਸ ਜੀ ਵੋਮ-ਬਤਕੇਰੇ ਵੱਲੋਂ ਧਾਰਾ 124 ਏ ਦੀ ਸੰਵਿਧਾਨਕ ਵੈਧਤ ਨੂੰ ਚੁਣੌਤੀ ਦਿੰਦੀ ਪਟੀਸ਼ਨ ਨੂੰ ਘੋਖਣ ਦੀ ਸਹਿਮਤੀ ਦਿੰਦਿਆਂ ਕਿਹਾ ਸੀ ਕਿ ਉਸ ਦਾ ਮੁੱਖ ਫਿਕਰ ਇਸ ਕਾਨੂੰਨ ਦੀ ਦੁਰਵਰਤੋਂ ਹੈ, ਜਿਸ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

# ਰਾਹੁਲ ਗਾਂਧੀ ਦੇ ਵਾਇਰਲ ਵੀਡੀਓ ਤੋਂ ਭਾਜਪਾ ਤੇ ਕਾਂਗਰਸ ਆਹਮੋ-ਸਾਹਮਣੇ

ਨਵੀਂ ਦਿੱਲੀ, 5 ਮਈ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ, ਜੋ ਨਿਪਾਲ ਵਿੱਚ ਦੋਸਤ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਓਥੇ ਗਏ ਹਨ, ਦੇ ਵਾਇਰਲ ਵੀਡੀਓ ਉੱਤੇ ਕਾਂਗਰਸ ਅਤੇ ਭਾਜਪਾ ਇੱਕ-ਦੂਜੇ ਨੂੰ ਨਿਸ਼ਾਨਾ ਬਣਾ ਰਹੇ ਹਨ। ਸੋਸ਼ਲ ਮੀਡੀਆ ਉੱਤੇ ਰਾਹੁਲ ਗਾਂਧੀ ਦੇ ਵਾਇਰਲ ਹੋਏ ਇੱਕ ਵੀਡੀਓ ਵਿੱਚ ਉਹ ਇੱਕ ਪਬ ਵਿੱਚ ਚੀਨੀ ਔਰਤ ਨਾਲ ਨਜ਼ਰ ਆ ਰਹੇ ਹਨ। ਭਾਜਪਾ ਆਗੂਆਂ ਵੱਲੋਂ ਇਸ ਵੀਡੀਓ ਉੱਤੇ ਟਿੱਪਣੀ ਕਰਦਿਆਂ ਕਿਹਾ ਗਿਆ ਕਿ ਉਹ (ਰਾਹੁਲ ਗਾਂਧੀ) ਪਾਰਟੀਆਂਵੱਧ ਕਰਦੇ ਤੇ ਆਪਣੀ ਪਾਰਟੀ ਦਾ ਘੱਟ ਕੰਮ ਕਰਦੇ ਹਨ।



ਭਾਜਪਾ ਆਗੂ ਕਿਰਨ ਰਿਜਿਜੂ ਨੇ ਵੀਡੀਓ ਸ਼ੇਅਰ ਕਰਦਿਆਂ ਕਿਹਾ ਕਿ ਛੁੱਟੀ, ਪਾਰਟੀ, ਵਿਦੇਸ਼ ਦੌਰੇ ਆਦਿ ਦੇਸ਼ ਲਈ ਕੋਈ ਨਵੀਂ ਗੱਲ ਨਹੀਂ, ਜਦਕਿ ਸ਼ਾਹਨਿਵਾਜ਼ ਹੁਸੈਨ ਨੇ ਕਿਹਾ ਕਿ ਉਹ ਆਏ ਦਿਨ ਪਾਰਟੀਆਂ ਕਰਦੇ ਹਨ, ਵੈਸੇ ਵੀ ਉਨ੍ਹਾਂ ਨੂੰ ਕੋਈ ਨਹੀਂ ਰੋਕਦਾ। ਭਾਜਪਾ ਆਗੂ ਅਮਿਤ ਮਾਲਵੀਆ ਅਤੇ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਉਕਤ ਵੀਡੀਓ ਬਾਰੇ ਟਵੀਟ ਕਰ ਕੇ ਲਿਖਿਆ ਕਿ ਰਾਹੁਲ ਗਾਂਧੀ ਓਦੋਂ ਨਾਈਟ ਕਲੱਬ ਵਿੱਚ ਸਨ, ਜਦੋਂ ਮੁੰਬਈ ਵਿੱਚ ਅੱਤਵਾਦੀ ਹਮਲਾ ਹੋਇਆ ਸੀ। ਅੱਜ ਉਨ੍ਹਾਂ ਦੀ ਪਾਰਟੀ ਵਿੱਚ ਘਮਸਾਨ ਮਚਿਆ ਹੈ, ਓਦੋਂ ਵੀ ਉਹ ਨਾਈਟ ਕਲੱਬ ਵਿੱਚ ਹਨ।

ਦੂਜੇ ਪਾਸੇ ਕਾਂਗਰਸ ਨੇ ਭਾਜਪਾ ਵੱਲੋਂ ਕੀਤੀਆਂ ਟਿੱਪਣੀਆਂ ਉੱਤੇ ਕਿਹਾ ਕਿ ਰਾਹੁਲ ਗਾਂਧੀ ਨਵਾਜ਼ ਸ਼ਰੀਫ਼ ਨਾਲ ਕੇਕ ਕੱਟਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਂਗ ਬਿਨਾਂ ਬੁਲਾਏ ਮਹਿਮਾਨ ਵਜੋਂ ਪਾਕਿਸਤਾਨ ਨਹੀਂ ਗਏ। ਪਾਰਟੀ ਦੇ ਬੁਲਾਰੇ ਰਣਦੀਪ ਸਿੰਘ ਸੂਰਜੇਵਾਲਾ ਨੇ ਕਿਹਾ ਕਿ ਰਾਹੁਲ ਗਾਂਧੀ ਭਾਰਤ ਦੇ ਦੋਸਤ ਦੇਸ਼ ਨਿਪਾਲ ਵਿੱਚ ਇੱਕ ਦੋਸਤ ਪੱਤਰਕਾਰ ਦੇ ਵਿਆਹ ਵਿੱਚ ਸ਼ਾਮਲ ਹੋਣ ਗਏ ਹਨ। ਸੂਰਜੇਵਾਲਾ ਨੇ ਕਿਹਾ ਕਿ ਇਸ ਵਿੱਚ ਕੁਝ ਗਲਤ ਨਹੀਂ ਹੈ। ਇਹ ਕਿਸੇ ਤਰ੍ਹਾਂ ਦਾ ਜੁਰਮ ਨਹੀਂ ਹੈ। ਸੂਰਜੇਵਾਲਾ ਨੇ ਕਿਹਾ ਕਿ ਦੋਸਤ ਅਤੇ ਪਰਵਾਰ ਹੋਣਾ, ਵਿਆਹ, ਸ਼ਾਦੀਆਂ ਵਿੱਚ ਜਾਣਾ ਸਾਡੇ ਸਭਿਆਚਾਰ ਦਾ ਹਿੱਸਾ ਰਿਹਾ ਹੈ। ਵਰਨਣ ਯੋਗ ਹੈ ਕਿ ਨਿਪਾਲ ਦੀ ਇੱਕ ਅਖ਼ਬਾਰ ਦੀ ਖ਼ਬਰ ਮੁਤਾਬਕ ਰਾਹੁਲ ਗਾਂਧੀ ਕਾਠਮੰਡੂ ਵਿੱਚ ਇੱਕ ਪੱਤਰਕਾਰ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਆਏ ਹਨ, ਜੋ ਨਿਪਾਲ ਵਿੱਚ ਮਿਆਂਮਾਰ ਦੇ ਰਾਜਦੂਤ ਦੀ ਬੇਟੀ ਹੈ। ਇਹ ਉਨ੍ਹਾਂ ਦਾ ਨਿੱਜੀ ਦੌਰਾ ਹੈ। ਵੀਡੀਓ ਵਾਲੀ ਲੜਕੀ ਕੌਣ ਹੈ, ਉਸ ਬਾਰੇ ਸਪੱਸ਼ਟਤਾ ਨਹੀਂ ਹੈ, ਪਰ ਸੋਸ਼ਲ ਮੀਡੀਆ ਉੱਤੇ ਉਸ ਲੜਕੀ ਦੀ ਤੁਲਨਾ ਚੀਨੀ ਰਾਜੂਦਤ ਹੋਉ ਯਾਕੀ ਨਾਲ ਕੀਤੀ ਜਾ ਰਹੀ ਹੈ। ਹੋਉ ਦਾ ਨਾਂਅ 2020 ਵਿੱਚ ਹੋਈ ਸਿਆਸੀ ਉਥਲ-ਪੁਥਲ ਵੇਲੇ ਸਾਹ-ਮਣੇ ਆਇਆ ਸੀ।

## ਪੁਲਸ ਨੇ ਕਿਹਾ, ਕਤਲ ਦੇ ਸਬੂਤ ਤਾਂ ਬਾਂਦਰ ਲੈ ਗਏ



ਜੈਪੁਰ, 5 ਮਈ (ਪੋਸਟ ਬਿਊਰੋ)- ਐਡੀਸ਼ਨਲਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿੱਚ ਇੱਕ ਅਜੀਬ ਕੇਸ ਸਾਹਮਣੇ ਆਇਆ ਹੈ। ਸ਼ਸ਼ੀਕਾਂਤ ਵਰਮਾ ਕਤਲ ਕੇਸ ਦੀ ਸੁਣਵਾਈ ਦੌਰਾਨ ਪੁਲਸ ਨੇ ਕਿਹਾ ਕਿ ਹੱਤਿਆ ਦੇ ਸਬੂਤਾਂ ਨੂੰ ਬਾਂਦਰ ਲੈ ਗਏ ਹਨ। ਪੁਲਸ ਨੇ ਇਸ ਬਾਰੇ 2016 ਵਿੱਚ ਰੋਜ਼ਨਾਮਚੇ ਵਿੱਚ ਇਸ ਦਾ ਜ਼ਿਕਰ ਵੀ ਕੀਤਾ ਸੀ।

ਸਰਕਾਰੀ ਵਕੀਲ ਨੇ ਅਦਾਲਤ ਵਿੱਚ ਕਿਹਾ ਕਿ ਖ਼ੂਨ ਲੱਗਾ ਹੋਇਆ ਚਾਕੂ ਅਤੇ ਹੋਰ ਜ਼ਬਤ ਸਾਮਾਨ ਬਾਂਦਰ ਵੱਲੋਂ ਲਿਜਾਣ ਦੀ ਗੱਲ ਅਜੀਬ ਹੈ। ਜੱਜ ਨੇ ਵੀ ਪੁਲਸ ਦੀ ਦਲੀਲ ਉੱਤੇ ਇਤਰਾਜ਼ ਕੀਤਾ ਹੈ। ਸਾਲ 2016 ਵਿੱਚ ਜੈਪੁਰ ਜ਼ਿਲ੍ਹੇ ਦੇ ਚੰਦਵਾਜੀ ਥਾਣਾ ਖੇਤਰ ਵਿੱਚ ਸ਼ਸ਼ੀਕਾਂਤ ਤਿੰਨ ਦਿਨ ਤੋਂ ਲਾਪਤਾ ਸੀ। ਲਾਸ਼ ਮਿਲਣ ਪਿੱਛੋਂ ਭੜਕੇ ਪਰਵਾਰ ਅਤੇ ਪਿੰਡ ਵਾਲਿਆਂ ਨੇ ਜੈਪੁਰ-ਦਿੱਲੀ ਹਾਈਵੇ ਉੱਤੇ ਚੱਕਾ ਜਾਮ ਕਰ ਦਿੱਤਾ। ਪੁਲਸ ਦੇ ਸਮਝਾਉਣ ਤੋਂ ਬਾਅਦ ਉਹ ਲੋਕ ਹਟ ਗਏ ਤੇ ਲਾਸ਼ ਦਾ ਸਸਕਾਰ ਕਰ ਦਿੱਤਾ। ਜਾਂਚ ਤੋਂ ਬਾਅਦ ਪੁਲਸ ਨੇ ਇਸ ਮਾਮਲੇ ਵਿੱਚ ਰਾਹੁਲ ਕੰਡੇਰਾ ਤੇ ਮੋਹਨ ਲਾਲ ਨੂੰ ਗ੍ਰਿਫਤਾਰ ਕੀਤਾ ਸੀ। ਉਨ੍ਹਾਂ ਤੋਂ ਪੁੱਛਗਿੱਛ ਮਗਰੋਂ ਵਾਰਦਾਤ ਵਿੱਚਵਰਤਿਆ ਚਾਕੂ ਤੇ ਕਈ ਹੋਰ ਸਮਾਨ ਬਰਾਮਦ ਕੀਤੇ ਸਨ। ਸੁਣਵਾਈ ਦੌਰਾਨ ਪੁਲਸ ਨੇ ਅਦਾਲਤ ਵਿੱਚ ਲਿਖਤਵਿੱਚ ਦੱਸਿਆ ਕਿ ਥਾਣੇ ਦੇ ਮਾਲਖਾਨੇ ਵਿੱਚ ਉਚਿਤ ਸਥਾਨ ਨਾ ਹੋਣ ਕਾਰਨ ਸਬੂਤਾਂ ਨਾਲ ਭਰੀ ਥੈਲੀ ਨੂੰ ਕੰਪਲੈਕਸ ਦੇ ਦਰੱਖਤ ਉੱਤੇ ਲਟਕਾ ਦਿੱਤਾ ਸੀ। ਓਥੇ ਬੈਠੇ ਦੋ ਬਾਂਦਰ ਉਤਰੇ ਤੇ ਥੈਲੀ ਚੁੱਕ ਕੇ ਲੈ ਗਏ। ਛੁਡਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਸਫਲਤਾ ਨਹੀਂ ਮਿਲੀ।

# ਮਾਹੌਲ ਵਿਗਾੜਨ ਤਾਜ ਮਹਿਲ ਜਾਂਦੇ ਪਰਮਹੰਸ ਆਚਾਰੀਆ ਗ੍ਰਿਫਤਾਰ

ਆਗਰਾ, 5 ਮਈ (ਪੋਸਟ ਬਿਊਰੋ)- ਈਦ ਵਾਲੇ ਦਿਨ ਪ੍ਰਦੇਸ਼ ਦਾ ਮਾਹੌਲ ਵਿਗਾੜਨ ਲਈ ਤਾਜ ਮਹਿਲ ਜਾਂਦੇ ਜਗਦਗੁਰੂ ਪਰਮਹੰਸ ਆਚਾਰੀਆ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ। ਉਹ ਇੱਕ ਹਿੰਦੂਵਾਦੀ ਨੇਤਾ ਨਾਲ ਜਾ ਰਹੇ ਸਨ। ਰਾਹ ਵਿੱਚ ਅਚਾਨਕ ਹਿੰਦੂਵਾਦੀ ਨੇਤਾ ਰਵੀ ਦੁਬੇ ਨੂੰ ਗੱਡੀ ਵਿੱਚੋਂ ਉਤਾਰਿਆ ਗਿਆ ਅਤੇ ਥਾਣੇਦਾਰ ਨੇ ਗੱਡੀ ਚਲਾਉਣੀ ਸ਼ੁਰੂ ਕਰ ਦਿੱਤੀ। ਜਗਦਗੁਰੂ ਪਰਮਹੰਸ ਆਚਾਰੀਆ ਨੇ 12 ਵਜੇ ਤਾਜ ਮਹਿਲ ਪਹੁੰਚਣ ਦੀ ਗੱਲ ਕਹੀ ਸੀ।




ਵਰਨਣ ਯੋਗ ਕਿ ਜਗਦਗੁਰੂ ਪਰਮਹੰਸ ਆਚਾਰੀਆ ਨੇ 5 ਮਈ ਨੂੰ ਆਗਰੇ ਵਿੱਚ ਤਾਜ ਮਹਿਲ, ਜਿਸ ਨੂੰ ਉਹ ‘ਤੇਜੋਮਹਲਯਾ’ ਕਹਿੰਦੇ ਹਨ, ਵਿੱਚ ਸ਼ਿਵਜੀ ਦੀ ਪ੍ਰਾਣ ਪ੍ਰਤੀਸ਼ਠਾ ਕਰਨ ਦਾ ਐਲਾਨ ਕੀਤਾ ਸੀ, ਪਰ ਅਚਾਨਕ ਹੀ ਉਨ੍ਹਾਂ ਨੇ 3 ਮਈ ਯਾਨੀ ਈਦ ਦੇ ਦਿਨ ਆਗਰੇ ਜਾਣ ਦਾ ਐਲਾਨ ਕਰ ਦਿੱਤਾ। ਉਹ ਪਹਿਲਾਂ ਵੀ ਏਦਾਂ ਕਈ ਵਾਰ ਵਿਵਾਦਾਂ ਨੂੰ ਹਵਾ ਦੇ ਚੁੱਕੇ ਹਨ। ਉਨ੍ਹਾਂ ਨੇ ਤਾਜਮਹਿਲ ਨੂੰ‘ਤੇਜੋਮਹਿਲਯਾ' ਦੱਸਦੇ ਹੋਏ ਕਿਹਾ ਕਿ ਇਤਿਹਾਸ ਨਾਲ ਛੇੜਛਾੜ ਕੀਤੀ ਗਈ ਅਤੇ ‘ਤੇਜੋਮਹਲਯਾ' ਦਾ ਨਾਮ ਬਦਲ ਕੇ ਤਾਜ ਮਹਿਲ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਉਹ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਕਰਨ ਲਈ ਸਨਾਤਨ ਧਰਮ ਸੰਸਦ ਆਗਰਾ ਵਿੱਚ ਕਰਨਗੇ। ਕੁਝ ਦਿਨ ਪਹਿਲਾਂ ਪਰਮਹੰਸ ਆਚਾਰੀਆ ਤਾਜ ਮਹਿਲ ਦਾ ਦੀਦਾਰ ਕਰਨ ਗਏ ਸੀ, ਪਰ ਉਨ੍ਹਾਂ ਨੂੰ ਅੰਦਰ ਨਹੀਂ ਜਾਣਦਿ-ੱਤਾ ਗਿਆ ਸੀ। ਉਦੋਂ ਉਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਬ੍ਰਹਮਾ ਦੰਡ ਅਤੇ ਭਗਵਾ ਕੱਪੜਿਆਂ ਦੇ ਕਾਰਨ ਜਾਣ ਨਹੀਂ ਦਿੱਤਾ ਗਿਆ ਸੀ।

ਸਥਾਨਕ ਪ੍ਰਸ਼ਾਸਨ ਨੇ ਉਨ੍ਹਾਂ ਨੂੰ 5 ਮਈ ਤਕ ਇੱਕ ਗੈਸਟਹਾਊਸ ਵਿੱਚ ਨਜ਼ਰਬੰਦ ਕਰ ਦਿੱਤਾ ਹੈ। ਉਨ੍ਹਾਂ ਨੂੰ 6 ਮਈ ਨੂੰ ਛੱਡਿਆ ਜਾਵੇਗਾ। ਪੁਲਸ ਕਾਰਵਾਈ ਨਾਲ ਨਾਰਾਜ਼ ਪਰਮਹੰਸ ਆਚਾਰੀਆ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਅੰਨ-ਜਲ ਦਾ ਤਿਆਗ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਤਾਜ ਮਹਿਲ ਵਿੱਚ ਜਾਣ ਦੀ ਆਗਿਆ ਦਿੱਤੀ ਜਾਵੇ, ਨਹੀਂ ਤਾਂ ਉਨ੍ਹਾਂ ਦੀ ਹੜਤਾਲ ਜਾਰੀ ਰਹੇਗੀ। ਅਯੋਧਿਆ ਦੇ ਛਾਵਨੀ ਤਪੱਸਵੀ ਅਖਾੜੇ ਦੇ ਜਗਦਗੁਰੂ ਪਰਮਹੰਸ ਆਚਾਰੀਆ ਨੇ ਵੀਡੀਓ ਜਾਰੀ ਕਰਕੇ ਕਿਹਾ ਕਿ ਆਗਰਾ ਦੇ ਸੀਨੀਅਰ ਧਾਰਮਿਕ ਆਗੂ ਦੇ ਬੁਲਾਉਣ ਉੱਤੇ ਉਹ ਇਥੇ ਆਏ ਸੀ, ਪਰ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਵਿੱਚਾਲੇ ਰੋਕ ਦਿੱਤਾ। ਉਨ੍ਹਾਂ ਨੇ ਕਿਹਾ ਕਿ ਮੈਨੂੰ ਤਾਜ ਮਹਿਲ ਵਿੱਚ ਜਾਣ ਦੀ ਆਗਿਆ ਇਸ ਲਈ ਨਹੀਂ ਦਿੱਤੀ ਗਈ ਕਿ ਮੈਂ ਭਗਵਾ ਕੱਪੜੇ ਪਾਏ ਹਨ। ਉਥੇ ਦੇ ਲੋਕਾਂ ਦਾ ਕਹਿਣਾ ਸੀ ਕਿ ਸਿਰਫ਼ ਟੋਪੀ ਲਗਾਉਣ ਵਾਲੇ ਹੀ ਤਾਜ ਮਹਿਲ ਵਿੱਚ ਜਾ ਸਕਦੇ ਹਨ, ਬਾਕੀ ਲੋਕਾਂ ਨੂੰ ਆਗਿਆ ਨਹੀਂ ਦਿੱਤੀ ਜਾਵੇਗੀ।

## ਪ੍ਰੋਫੈਸਰ ਦੀ ਮੌਤ ਪਿੱਛੋਂ ਪਤਨੀ ਵੱਲੋਂ ਪੁਲ ਤੋਂ ਛਾਲ ਮਾਰ ਕੇ ਖੁਦਕੁਸ਼ੀ

ਭੋਪਾਲ, 5 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਦੇ ਭਦਭਧਾ ਪੁਲ ਤੋਂ ਛਾਲ ਮਾਰ ਕੇ ਕੱਲ੍ਹ ਤੜਕੇ ਚਾਰ ਵਜੇ ਮਹਿਲਾ ਪ੍ਰੋਫੈਸਰ ਨੇ ਆਤਮਹ-ੱਤਿਆ ਕਰ ਲਈ। ਉਸ ਤੋਂ ਇੱਕ ਘੰਟਾ ਪਹਿਲਾਂ ਉਸ ਦੇ ਪਤੀ ਦੀ ਬ੍ਰੇਨ ਹੈਮਰੇਜ ਨਾਲ ਮੌਤ ਹੋ ਗਈ ਸੀ, ਜਿਸ ਨੂੰ ਉਹ ਬਰਦਾਸ਼ਤ ਨਹੀਂ ਸੀ ਕਰ ਸਕੀ।



ਥਾਣਾ ਇੰਚਾਰਜ ਮੁਤਾਬਕ ਚੂਨਾਭੱਟੀ ਦੇ ਵਸਨੀਕ 47 ਸਾਲ ਦੇ ਪਰਾਗ ਪਾਠਕ ਦੰਦਾਂ ਦੇ ਡਾਕਟਰ ਤੇ ਇੱਕ ਨਿੱਜੀ ਕਾਲਜ ਵਿੱਚ ਪ੍ਰੋਫੈਸਰ ਸਨ। 28 ਅਪ੍ਰੈਲ ਨੂੰ ਸਵੇਰੇ ਨੌਂ ਵਜੇ ਦੇ ਕਰੀਬ ਪਰਾਗ ਦੀ ਤਬੀਅਤ ਖਰਾਬ ਹੋਈ। ਪਰਵਾਰ ਨੇ ਨੈਸ਼ਨਲ ਹਸਪਤਾਲ ਭਰਤੀ ਕਰਵਾਇਆ ਸੀ। ਡਾਕਟਰਾਂ ਨੇ ਉਨ੍ਹਾਂ ਦੀ ਪਤਨੀ ਪ੍ਰੀਤੀ ਨੂੰ ਦੱਸਿਆ ਕਿ ਉਸ ਦੇ ਪਤੀ ਦੀ ਹਾਲਤ ਕਾਫੀ ਗੰਭੀਰ ਹੈ। ਪ੍ਰੀਤੀ ਜਬਲਪੁਰ ਦੀ ਰਹਿਣ ਵਾਲੀ ਸੀ। ਉਹ ਕਰੋਂਦ ਵਿੱਚ ਨਰੂਲਾ ਕਾਲਜ ਵਿੱਚ ਪ੍ਰੋਫੈਸਰ ਸੀ। ਜਦੋਂ ਪਰਾਗ ਨੂੰ ਬ੍ਰੇਨ ਹੈਮਰੇਜ ਹੋਇਆ ਸੀ, ਪਰਾਗ ਦੇ ਪਿਤਾ ਤਦ ਤੋਂ ਹਸਪਤਾਲ ਵਿੱਚ ਸਨ। ਪਤੀ ਦੀ ਮੌਤ ਦੇ ਬਾਅਦ ਪ੍ਰੀਤੀ ਇਹ ਕਹਿ ਕੇ ਕਾਰ ਲੈ ਕੇ ਨਿਕਲ ਗਈ ਸੀ ਕਿ ਉਨ੍ਹਾਂ ਦਾ ਕੋਈ ਨਹੀਂ ਬਚਿਆ ਹੈ। ਇਸ ਦੇ ਬਾਅਦ ਉਸ ਨੇ ਪੁਲ ਤੋਂ ਛਾਲ ਮਾਰ ਕੇ ਜਾਨ ਦੇ ਦਿੱਤੀ। ਕੱਲ੍ਹ ਦੋਵਾਂ ਦੀ ਇਕੱਠਿਆਂ ਅਰਥੀ ਉਠੀ।





# ਯੂਕਰੇਨ ਯੁੱਧ ਦੌਰਾਨ ਚੀਨ ਨੂੰ ਰੂਸੀ ਗੈਸ ਸਪਲਾਈ 60 ਫ਼ੀਸਦੀ ਵਧੀ

ਬੀਜਿੰਗ, 5 ਮਈ (ਪੋਸਟ ਬਿਊਰੋ)- ਰੂਸ-ਯੂਕਰੇਨ ਦੀ ਜੰਗ ਦੌਰਾਨ ਚੀਨ ਨੂੰ ਰੂਸੀ ਗੈਸ ਦੀ ਸਪਲਾਈ ਪਿਛਲੇ ਸਾਲ ਦੀ ਇਸ ਮਿਆਦ ਦੀ ਤੁਲਨਾ ਵਿੱਚ 2022 ਦੇ ਪਹਿਲੇ ਚਾਰ ਮਹੀਨਿਆਂ ਵਿੱਚ 60 ਫ਼ੀਸਦੀ ਤਕ ਵਧੀ ਹੈ ਅਤੇ ਰੂਸੀ ਊਰਜਾ ਕੰਪਨੀ ਗਜਪ੍ਰੋਮ ਨੇ ਕੱਲ੍ਹ ਐਕਸਪੋਰਟ ਵਿੱਚ ਵਾਧੇ ਦਾ ਐਲਾਨ ਕੀਤਾ ਹੈ। ਇੱਥੋਂ ਤਕ ਕਿ ਯੂਰਪ ਨੂੰ ਊਰਜਾ ਐਕਸਪੋਰਟ ਬਾਰੇ ਲਗਾਤਾਰ ਦੁਸ਼ਮਣੀ ਅਤੇ ਪੱਛਮ ਵੱਲੋਂ ਰੂਸ ਉੱਤੇ ਪਾਬੰਦੀਆਂ ਕਾਰਨ ਬੇਯਕੀਨੀ ਬਣੀ ਹੋਈ ਹੈ।



ਮੀਡੀਆ ਰਿਪੋਰਟਾਂ ਅਨੁਸਾਰ ਕੰਪਨੀ ਨੇ ਕਿਹਾ ਕਿ ਗੈਜ਼ਪ੍ਰੋਮ ਅਤੇ ਚਾਈਨਾ ਨੈਸ਼ਨਲ ਪੈਟਰੋਲੀਅਮ ਕਾਰਪੋਰੇਸ਼ਨ (ਸੀ ਐਨ ਪੀ ਸੀ) ਵਿਚਾਲੇ ਸਮਝੌਤੇ ਦੇ ਹਿੱਸੇ ਵਜੋਂ ਪਾਵਰ ਆਫ਼ ਸਾਇਬੇਰੀਆ ਪਾਈਪਾਲਾਈਨ ਰਾਹੀਂ ਡਿਲੀਵਰੀ ਕੀਤੀ ਗਈ ਹੈ। ਵਰਨਣ ਯੋਗ ਹੈ ਕਿ ਚੀਨ ਨੇ ਯੂਕਰੇਨ ਉੱਤੇ ਰੂਸੀ ਹਮਲੇ ਦੀ ਨਿੰਦਾ ਕਰਨ ਦੀ ਥਾਂ ਕੂਟਨੀਤਕ ਹੱਲ ਦੀ ਅਪੀਲ ਕੀਤੀ ਹੈ। ਰਿਪੋਰਟ ਅਨੁਸਾਰ ਰੂਸ ਤੇ ਪੱਛਮ ਵਿਚਾਲੇ ਊਰਜਾ ਰੁਕਾਵਟ ਨੇ ਸਾਬਕਾ ਸੋਵੀਅਤ ਰੂਸ ਤੋਂ ਬਾਹਰਲੇ ਦੇਸ਼ਾਂ ਨੂੰ ਸਾਲ ਦੇ ਸ਼ੁਰੂ ਤੋਂ ਗੈਸ ਐਕਸਪੋਰਟ ਵਿੱਚ 26.9 ਫ਼ੀਸਦੀ ਗਿਰਾਵਟ ਦਾ ਕਾਰਨ ਬਣਾਇਆ ਹੈ। ਪਿਛਲੇ ਚਾਰ ਮਹੀਨਿਆਂ ਵਿੱਚ 50.1 ਬਿਲੀਅਨ ਕਿਊਬਿਕ ਮੀਟਰ ਗੈਸ ਸਪਲਾਈ ਹੋਈ ਹੈ। ਇਸ ਤੋਂ ਬਿਨਾ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ 31 ਮਾਰਚ ਤੋਂ ਗੈਸ ਦੇ ਬਦਲੇ ਰੂਬਲ ਵਿੱਚ ਭੁਗਤਾਨ ਲਈ ਗ਼ੈਰ-ਦੋਸਤਾਨਾ ਦੇਸ਼ਾਂ ਤੋਂ ਪੈਸੇ ਦੇਣ ਦਾ ਆਦੇਸ਼ ਦਿੱਤਾ ਹੈ। ਯੂਰਪੀਅਨ ਯੂਨੀਅਨ (ਈ ਯੂ) ਵੀ ਇਨ੍ਹਾਂ ਗ਼ੈਰ-ਦੋਸਤਾਨਾ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਹੈ।

# ਪਾਕਿ ਦੇ ਹਰੀਪੁਰ ਸ਼ਹਿਰ ਵਿੱਚ ਹਰੀ ਸਿੰਘ ਨਲਵਾ ਦਾ ਬੁੱਤ ਫਿਰ ਲਾ ਦਿੱਤਾ ਗਿਆ

ਅੰਮ੍ਰਿਤਸਰ, 5 ਮਈ (ਪੋਸਟ ਬਿਊਰੋ)- ਪਾਕਿਸਤਾਨ ਦੀ ਹਜ਼ਾਰਾ ਡਵੀਜ਼ਨ ਦੇ ਹਰੀਪੁਰ ਸ਼ਹਿਰ ਵਿੱਚ ਉਥੋਂ ਦੇ ਪ੍ਰਸ਼ਾਸਨ ਨੇ ਅਬਦੁਲ ਬਕਰ ਸਿੱਦੀਕ-ਏ-ਅਕਬਰ ਚੌਕ ਵਿੱਚੋਂ ਤਿੰਨ ਮਹੀਨੇ ਪਹਿਲਾਂ ਉਤਾਰੇ ਬੁੱਤ ਦੀ ਜਗ੍ਹਾ ਤਲਵਾਰ ਹੱਥ ਵਿੱਚ ਫੜੀ ਅਤੇ ਘੋੜੇ ਉੱਤੇ ਸਵਾਰ ਪਠਾਣ ਵਿਖਾਈ ਦਿੰਦੇ ਇੱਕ ਵਿਅਕਤੀ ਦਾ ਬੁੱਤ ਮੁੜ ਲਾ ਦਿੱਤਾ ਹੈ।



ਪਾਕਿਸਤਾਨੀ ਨਿਊਜ਼ ਚੈਨਲ 'ਪਾਕ ਟੀ ਵੀ 24' ਅਤੇ ਹੋਰਨਾਂ ਪਾਕਿ ਮੀਡੀਆ ਅਦਾਰਿਆਂ ਦੇ ਮੁਤਾਬਕ ਇਹ ਆਦਮ-ਕੱਦ ਬੁੱਤ ਹਰੀਪੁਰ ਸ਼ਹਿਰ ਵਸਾਉਣ ਵਾਲੇ ਸਰਦਾਰ ਹਰੀ ਸਿੰਘ ਨਲਵਾ ਦਾ ਹੈ, ਪਰ ਕੁਝ ਪਾਕਿ ਸਾਹਿਤਕਾਰ ਅਤੇ ਹਰੀਪੁਰ ਦਾ ਜ਼ਿਲ੍ਹਾ ਪ੍ਰਸ਼ਾਸਨ ਇਸ ਨੂੰ ਇੱਕ ਅਣਜਾਣ ਪਖ਼ਤੂਨ ਦਾ ਬੁੱਤ ਦੱਸਦੇ ਹਨ। ਵਰਨਣ ਯੋਗ ਹੈ ਕਿ ਸੂਬਾ ਖ਼ੈਬਰ ਪਖ਼ਤੂਨਖਵਾ ਦੇ ਹਰੀਪੁਰ ਸ਼ਹਿਰ ਵਿਚਲੇ ਇਸ ਬੁੱਤ ਨੂੰ ਚੌਕ ਤੋਂ ਹਟਾਉਣ ਉੱਤੇ ਇਸ ਨੂੰ ਹਰੀ ਸਿੰਘ ਨਲਵਾ ਦਾ ਬੁੱਤ ਦੱਸ ਕੇ ਦੇਸ਼-ਵਿਦੇਸ਼ ਦੀਆਂ ਵੱਖ-ਵੱਖ ਜਥੇਬੰਦੀਆਂ, ਸਿਆਸਤਦਾਨਾਂ ਅਤੇ ਹੋਰਨਾਂ ਨੇ ਪਾਕਿ ਸਰਕਾਰ ਦੀ ਤਿੱਖੀ ਨਿੰਦਾ ਕੀਤੀ ਸੀ। ਬੁੱਤ ਦੇ ਸਾਹਮਣੇ ਮੌਜੂਦ ਆਰ ਏ ਜਿਨਾਹ ਮਾਲ ਦੇ ਪ੍ਰਬੰਧਕ ਅਹਿਸਾਨ ਇਲਾਹੀ ਨੇ ਲਾਹੌਰ ਦੇ ਬਾਬਰ ਜਲੰਧਰੀ ਦੀ ਮਾਰਫ਼ਤ ਦੱਸਿਆ ਕਿ ਬੁੱਤ ਨੂੰ ਦੁਬਾਰਾ ਪਹਿਲਾਂ ਵਾਲੇ ਥਾਂ ਉੱਤੇ ਲਾਇਆ ਗਿਆ ਹੈ ਅਤੇ ਦੱਸਿਆ ਜਾ ਰਿਹਾ ਹੈ ਕਿ ਇਸ ਚੌਕ ਦਾ ਨਾਂਅ ਪਹਿਲੇ ਖ਼ਲੀਫ਼ਾ ਦੇ ਨਾਂਅ ਤੋਂ ਬਦਲ ਕੇ ਘੋੜਾ ਚੌਕ ਰੱਖਿਆ ਜਾ ਸਕਦਾ ਹੈ।

# ਪਾਕਿਸਤਾਨ ਵਿੱਚ ਮੀਡੀਆ ਤੇ ਸਿਵਲ ਸੁਸਾਈਟੀ ਉੱਤੇ ਪਾਬੰਦੀਆਂ ਤੋਂ ਅਮਰੀਕਾ ਜਾਣੂ: ਬਲਿੰਕਨ

ਵਾਸ਼ਿੰਗਟਨ, 5 ਮਈ (ਪੋਸਟ ਬਿਊਰੋ)- ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਹੈ ਕਿ ਪ੍ਰਗਟਾਵੇ ਦੀ ਆਜ਼ਾਦੀ ਉੱਤੇ ਪਾਬੰਦੀਆਂ ਪਾਕਿਸਤਾਨ ਦੇ ਅਕਸ ਤੇ ਉਸ ਦੀ ਤਰੱਕੀ ਕਰਨ ਦੀ ਸਮਰਥਾ ਨੂੰ ਕਮਜ਼ੋਰ ਕਰਦੀਆਂ ਹਨ। ਵਿਸ਼ਵ ਪ੍ਰੈਸ ਸੁਤੰਤਰਤਾ ਦਿਵਸ ਉੱਤੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਬਲਿੰਕਨ ਨੇ ਕਿਹਾ ਕਿ ਅਮਰੀਕੀ ਸਰਕਾਰ ਪਾਕਿਸਤਾਨ ਵਿੱਚ ਮੀਡੀਆ ਆਉਟਲੈਟਾਂ ਤੇ ਸਿਵਲ ਸੁਸਾਇਟੀ ਉੱਤੇ ਲਾਈਆਂ ਪਾਬੰਦੀਆਂ ਤੋਂ ਜਾਣੂ ਹੈ ਅਤੇ ਇਸ ਮੁੱਦੇ ਉੱਤੇ ਉਨ੍ਹਾਂ ਨੇ ਪਾਕਿਸਤਾਨੀ ਵਿਦੇਸ਼ ਮੰਤਰੀ ਨਾਲ ਚਰਚਾ ਕੀਤੀ ਹੈ।



ਇੱਕ ਪਾਕਿਸਤਾਨੀ ਪੱਤਰਕਾਰ ਵੱਲੋਂ ਪੁੱਛੇ ਜਾਣ ਉੱਤੇ ਕਿ ਕੀ ਪਾਕਿਸਤਾਨ ਨੂੰ ਅਜੇ ਵੀ ਪੱਤਰਕਾਰਾਂ ਲਈ ਸਭ ਤੋਂ ਖ਼ਤਰਨਾਕ ਸਥਾਨ ਮੰਨਿਆ ਜਾਂਦਾ ਹੈ, ਜਵਾਬ ਵਿੱਚ ਬਲਿੰਕਨ ਨੇ ਕਿਹਾ ਕਿ ਐਕਟਿਵ ਆਜ਼ਾਦ ਪ੍ਰੈਸ, ਇੱਕ ਸੂਝਵਾਨ ਨਾਗਰਿਕ ਪਾਕਿਸਤਾਨ ਅਤੇ ਇਸ ਦੇ ਭਵਿੱਖ ਸਮੇਤ ਕਿਸੇ ਵੀ ਦੇਸ਼ ਲਈ ਮਹੱਤਵਪੂਰਨ ਹਨ ਅਤੇ ਮੈਨੂੰ ਲੱਗਦਾ ਹੈ ਕਿ ਪਾਕਿਸਤਾਨ ਵਿੱਚ ਜੋ ਕੁਝ ਹੋ ਰਿਹਾ ਹੈ, ਉਹ ਪ੍ਰਗਟਾਵੇ ਦੀ ਆਜ਼ਾਦੀ ਦਾ ਘਾਣ ਕਰਦਾ ਹੈ। ਪੱਤਰਕਾਰ ਨੇ ਪੁੱਛਿਆ ਕਿ ਪਿਛਲੇ ਸਾਲ ਅਪਰਾਧ ਅਤੇ ਭ੍ਰਿਸ਼ਟਾਚਾਰ ਨੂੰ ਪੇਸ਼ ਕਰਨ ਅਤੇ ਕੁਝ ਸਰਕਾਰੀ ਨੀਤੀਆਂ ਦੀ ਆਲੋਚਨਾ ਕਰਨ ਲਈ ਕਈ ਪਾਕਿਸਤਾਨੀ ਪੱਤਰਕਾਰਾਂ ਨੂੰ ਮਾਰ ਦਿੱਤਾ ਗਿਆ, ਉਨ੍ਹਾਂ ਨੂੰ ਅਗਵਾ ਕੀਤਾ ਗਿਆ ਅਤੇ ਉਨ੍ਹਾਂ ਉੱਤੇ ਤਸ਼ੱਦਦ ਬਾਰੇ ਵਿਦੇਸ਼ ਵਿਭਾਗ ਨੇ ਕਦੇ ਪਾਕਿਸਤਾਨੀ ਅਧਿਕਾਰੀਆਂ ਨਾਲ ਦੁਵੱਲੀ ਗੱਲਬਾਤ ਵਿੱਚ ਇਹ ਮੁੱਦਾ ਉਠਾਇਆ?" ਜਵਾਬ ਵਿੱਚ ਬਲਿੰਕਨ ਨੇ ਕਿਹਾ ਕਿ ਛੋਟਾ ਜਵਾਬ ਹਾਂ ਹੈ, ਅਸੀਂ ਪਾਕਿਸਤਾਨੀ ਆਗੂਆਂ ਨਾਲ ਮੀਟਿੰਗਾਂ ਵਿੱਚ ਇਸ ਮੁੱਦੇ ਨੂੰ ਉਠਾਉਂਦੇ ਹਾਂ।" ਵਰਨਣ ਯੋਗ ਹੈ ਕਿ ਵਿਸ਼ਵ ਪ੍ਰੈਸ ਸੁਤੰਤਰਤਾ ਦਿਵਸ ਉੱਤੇ ਅਮਰੀਕੀ ਵਿਦੇਸ਼ ਮੰਤਰੀ ਦੀ ਇਹ ਟਿੱਪਣੀ ਗਲੋਬਲ ਮੀਡੀਆ ਵਾਚਡਾਗ 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਵੱਲੋਂ ਜਾਰੀ ਰਿਪੋਰਟ ਤੋਂ ਬਾਅਦ ਆਈ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਪਾਕਿਸਤਾਨ ਵਿਸ਼ਵ ਪ੍ਰੈਸ ਆਜ਼ਾਦੀ ਸੂਚਕ ਅੰਕ ਵਿੱਚ ਪਿਛਲੇ ਸਾਲ ਦੇ 145ਵੇਂ ਸਥਾਨ ਤੋਂ ਇਸ ਸਾਲ 157ਵਾਂ ਸਥਾਨ ਉੱਤੇ ਆ ਗਿਆ ਹੈ।

# ਮਾਰਾਡੋਨਾ ਦੀ ਹੈਂਡ ਆਫ ਗਾਡ ਜਰਸੀ 7.1 ਮਿਲੀਅਨ ਪੌਂਡ ਤੋਂ ਵੱਧ ਦੀ ਵਿਕੀ

ਲੰਡਨ, 5 ਮਈ (ਪੋਸਟ ਬਿਊਰੋ)- ਦੁਨੀਆ ਦੇ ਸਰਬ ਸ੍ਰੇਸ਼ਠ ਫੁੱਟਬਾਲ ਖਿਡਾਰੀਆਂ ਵਿੱਚੋਂ ਮਰਹੂਮ ਡਿਏਗੋ ਮਾਰਾਡੋਨਾ ਵੱਲੋਂ 1986 ਵਿਸ਼ਵ ਕੱਪ ਵਿੱਚ ਇੰਗਲੈਂਡ ਦੇ ਖਿਲਾਫ ਕਵਾਰਟਰ ਫਾਈਨਲ ਮੈਚ ਵਿੱਚ ਪਾਈ ਗਈ ਜਰਸੀ ਕੱਲ੍ਹ ਨੀਲਾਮ ਹੋ ਗਈ। ਇਸ ਦੇ ਨਾਲ ਇਸ ਜਰਸੀ ਨੇ ਨੀਲਾਮੀ ਵਿੱਚ ਰਿਕਾਰਡ ਵੀ ਬਣਾਇਆ ਹੈ। ਉਹ ਨੀਲਾਮੀ ਵਿੱਚ ਸਭ ਤੋਂ ਵੱਧ ਰਕਮ ਹਾਸਲ ਕਰਨ ਵਾਲੀ ਇਸ ਖੇਡ ਨਾਲ ਜੁੜੀ ਚੀਜ਼ ਬਣ ਗਈ ਹੈ।




ਨੀਲਾਮੀ ਵਿੱਚ ਇਹ ਜਰਸੀ ਕਰੀਬ 7.1 ਮਿਲੀਅਨ ਪੌਂਡ ਦੀ ਵਿਕੀ। ਇਹ ਮੈਚ ਵਿਵਾਦਪੂਰਨ 'ਹੈਂਡ ਆਫ ਗਾਡ ਗੋਲ' ਲਈ ਜਾਣਿਆ ਜਾਂਦਾ ਹੈ। ਇਸ ਮੈਚ ਵਿੱਚ ਮਾਰਾਡੋਨਾ ਹੇਡਰ ਨਾਲ ਗੋਲ ਕਰਨਾ ਚਾਹੁੰਦੇ ਸਨ, ਪਰ ਗੇਂਦ ਉਨ੍ਹਾਂ ਦੇ ਹੱਥ ਨਾਲ ਟਕਰਾ ਕੇ ਗੋਲ ਪੋਸਟ ਵਿੱਚ ਚਲੀ ਗਈ ਅਤੇ ਮੈਚ ਰੈਫਰੀ ਇਸ ਨੂੰ ਦੇਖਣ ਵਿੱਚ ਅਸਫਲ ਰਹੇ ਸਨ। ਉਨ੍ਹਾਂ ਨੇ ਇਸ ਮੈਚ ਵਿੱਚ ਆਪਣੀ ਪ੍ਰਸਿੱਧੀ ਦੇ ਅਨੁਸਾਰ ਇੰਗਲੈਂਡ ਦੀ ਲਗਭਗ ਪੂਰੀ ਟੀਮ ਨੂੰ ਆਪਣੀ ਸ਼ਾਨਦਾਰ ਡ੍ਰਿਬਲਿੰਗ ਨਾਲ ਡਾਜ਼ਕਰਦੇ ਹੋਏ ਗੋਲ ਕਰ ਕੇ ਟੀਮ ਨੂੰ ਯਾਦਗਾਰ ਜਿੱਤ ਦਿਵਾਈ ਸੀ।ਨੀਲਾਮੀਕਰਤਾ ਨੇ ਦੱਸਿਆ ਕਿ ਮਾਰਾਡੋਨਾ ਦੀ ਜਰਸੀ ਲਈ ਰਿਕਾਰਡ 7.1 ਮਿਲੀਅਨ ਪੌਂਡ ਦੀ ਬੋਲੀ ਲੱਗੀ। ਉਨ੍ਹਾਂ ਨੇ ਇਸ ਦੇ ਖਰੀਦਦਾਰ ਦੀ ਜਾਣਕਾਰੀ ਨਹੀਂ ਦਿੱਤੀ। ਮੈਕਸੀਕੋ ਸਿਟੀ ਵਿੱਚ 22 ਜੂਨ 1986 ਨੂੰ ਖੇਡੇ ਗਏ ਇਸ ਮੈਚ ਦਾ ਮਹੱਤਵ ਹੋਰ ਵੀ ਵੱਧ ਸੀ ਕਿਉਂਕਿ ਇਸ ਤੋਂ ਚਾਰ ਸਾਲ ਪਹਿਲਾਂ ਬ੍ਰਿਟੇਨ ਅਤੇ ਅਰਜਨਟੀਨਾ ਵਿਚਾਲੇ ਫਾਕਲੈਂਡ ਟਾਪੂ ਨੂੰ ਯੁੱਧ ਹੋਇਆ ਸੀ।

ਮਾਰਾਡੋਨ ਨੇ ਬਾਅਦ ਵਿੱਚ ਕਿਹਾ ਸੀ ਕਿ ਇਹ ਗੋਲ 'ਮਾਰਾਡੋਨਾ ਦੇ ਸਿਰ ਉੱਤੇ ਭਗਵਾਨ ਦੇ ਹੱਥ' (ਹੈਂਡ ਆਫ ਗੌਡ) ਨਾਲ ਹੋਇਆ ਸੀ। ਮੈਚ ਦੇ ਉਨ੍ਹਾਂ ਦੇ ਗੋਲ ਨੂੰ 2002 ਵਿੱਚ ਫੀਫਾ ਦੇ ਜਨਮਤ ਵਿਚ 'ਸਦੀ ਦਾ ਸਰਬ ਸ੍ਰੇਸ਼ਠ' ਗੋਲ ਚੁਣਿਆ ਗਿਆ ਸੀ। ਅਰਜਨਟੀਨਾ ਇਸ ਮੈਚ ਨੂੰ 2-1 ਨਾਲ ਜਿੱਤਣ ਦੇ ਬਾਅਦ ਸੈਮੀਫਾਈਲ ਅਤੇ ਫਾਈਨਲ ਵਿੱਚ ਜਿੱਤ ਦਰਜ ਕਰ ਕੇ ਚੈਂਪੀਅਨ ਬਣਿਆ ਸੀ। ਇਸ ਮੈਚ ਪਿੱਛੋਂ ਮਾਰ-ਡੋਨਾ ਨੇ ਇੰਗਲੈਂਡ ਦੇ ਮਿਡਫੀਲਡਰ ਸਟੀਵ ਹਾਜ ਨਾਲ ਜਰਸੀ ਦੀ ਅਦਲਾ-ਬਦਲੀ ਕੀਤੀ।ਉਨ੍ਹਾਂ ਨੇ ਅੱਜ ਤਕ ਇਸ ਨੂੰ ਕਦੇ ਵੇਚਿਆ ਨਹੀਂ ਸੀ। ਇਹ ਜਰਸੀ ਪਿਛਲੇ 20 ਸਾਲਾਂ ਤੋਂ ਮੈਨਚੈਸਟਰ ਵਿੱਚ ਇੰਗਲੈਂਡ ਦੇ ਰਾਸ਼ਟਰੀ ਫੁੱਟਬਾਲ ਮਿਊਜ਼ੀਅਮ ਵਿੱਚ ਮੌਜੂਦ ਸੀ।

# ਕਈ ਕੰਪਨੀਆਂ ਵੈਕਸੀਨ ਤੋਂ ਵੱਡਾ ਮੁਨਾਫ਼ਾ ਕਮਾ ਰਹੀਆਂ ਨੇ

ਲੰਡਨ, 5 ਮਈ (ਪੋਸਟ ਬਿਊਰੋ)- ਕੋਰੋਨਾ ਦੇ ਦੌਰ ਵਿੱਚ ਫਾਰਮਾ ਕੰਪਨੀ ਫਾਈਜ਼ਰ ਨੇ ਜਾਨਾਂ ਬਚਾਉਣ ਲਈ ਵੈਕਸੀਨ ਅਤੇ ਦਵਾਈ ਬਣਾਈ। ਕੰਪਨੀ ਨੇ ਇਸ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਵੱਡਾ ਲਾਭ ਕਮਾਇਆ, ਜਿਸ ਤੋਂ ਬਾਅਦ ਫਾਈਜ਼ਰ ਉੱਤੇ ਮੁਨਾਫਾਖੋਰੀ ਦਾ ਦੋਸ਼ ਲੱਗਾ ਹੈ। ਗਲੋਬਲ ਜਸਟਿਸ ਨਾਓ, ਐਕਟ-ਅਪ ਲੰਡਨ, ਜਸਟ ਟ੍ਰੀਟਮੈਂਟ ਅਤੇ ਸਟਾਪ ਏਡਜ਼ ਦੇ 35 ਮਨੁੱਖੀ ਅਧਿਕਾਰਾਂ ਦੇ ਪ੍ਰਚਾਰਕਾਂ ਨੇ ਮੁਨਾਫੇ ਵਿਰੁੱਧ ਆਪਣੀ ਆਵਾਜ਼ ਉਠਾਈ ਹੈ।

ਗਲੋਬਲ ਜਸਟਿਸ ਨਾਓ ਨੇ ਕਿਹਾ ਕਿ ਫਾਈਜ਼ਰ ਨੇ ਮਹਾਂਮਾਰੀ ਦੌਰਾਨ ਆਪਣੀ ਵੈਕਸੀਨ ਤਕਨਾਲੋਜੀ ਅਤੇ ਹੋਰ ਜਾਣਕਾਰੀ ਸ਼ੇਅਰ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਨਾਲ ਲੱਖਾਂ ਜਾਨਾਂ ਬਚਾਈਆਂ ਜਾ ਸਕਦੀਆਂ ਸਨ। ਵੈਕਸੀਨ ਕੰਪਨੀ ਕਿਸੇ ਵੀ ਕੀਮਤ ਉੱਤੇ ਪੇਟੈਂਟ ਆਪਣੇ ਕੋਲ ਰੱਖਣਾ ਚਾਹੁੰਦੀ ਹੈ। ਕੰਪਨੀ ਨੇ ਵੈਕਸੀਨ ਦੀ ਸੰਸਾਰ ਵਿਆਪੀ ਸਪਲਾਈ ਰੋਕ ਕੇ ਏਕਾਧਿਕਾਰ ਬਣਾਈ ਰੱਖਿਆ। ਫਾਈਜ਼ਰ ਲਈ ਮੁਨਾਫੇ ਜਾਨਾਂ ਤੋਂ ਵੱਧ ਅਰਥ ਰੱਖਦੇ ਹਨ। ਰਿਪੋਰਟਾਂ ਅਨੁਸਾਰ ਸਾਲ 2022 ਦੀ ਪਹਿਲੀ ਤਿਮਾਹੀ (ਜਨਵਰੀ ਤੋਂ ਮਾਰਚ) ਵਿੱਚ ਫਾਈਜ਼ਰ ਦੀ ਕੁੱਲ ਵਿਕਰੀ 25.7 ਅਰਬ ਡਾਲਰ ਰਹੀ, ਜੋ ਪਿਛਲੇ ਸਾਲ ਤੋਂ 77 ਫੀਸਦ ਵੱਧ ਹੈ। ਕੁੱਲ ਵਿਕਰੀ ਵਿੱਚੋਂ 13.2 ਅਰਬ ਡਾਲਰ ਦੀ ਕਮਾਈ ਜਰਮਨੀ ਦੇ ਬਾਇਓਐਨਟੈਕ ਨਾਲ ਬਣੀ ਕੋਮੀਰਨੇਟੀ ਵੈਕਸੀਨ ਤੋਂ ਹੋਈ। ਇਸ ਤੋਂ ਬਿਨਾ ਪੈਕਸਲੋਵਿਡ ਟੈਬਲੇਟ ਤੋਂ 1.5 ਅਰਬ ਡਾਲਰ ਦੀ ਕਮਾਈ ਹੋਈ। ਇਸ ਦਵਾਈ ਨੂੰ ਦਸੰਬਰ ਵਿੱਚ ਅਮਰੀਕਾ ਵਿੱਚ ਮਨਜ਼ੂਰੀ ਦਿੱਤੀ ਗਈ ਸੀ। ਬ੍ਰਿਟੇਨ ਤੇ ਯੂਰਪੀ ਯੂਨੀਅਨ ਨੇ ਵੀ ਇਸ ਨੂੰ ਮਨਜ਼ੂਰੀ ਦੇ ਦਿੱਤੀ ਹੈ। ਫਾਈਜ਼ਰ ਤੇ ਬਾਇਓਐਨਟੈਕ ਛੇ ਮਹੀਨੇ ਤੋਂ ਚਾਰ ਸਾਲ ਦੇ ਬੱਚਿਆਂ ਨੂੰ ਦਿੱਤੇ ਜਾਣ ਵਾਲੇ ਟੀਕੇ ਦੀ ਵੀ ਮਨਜ਼ੂਰੀ ਮੰਗਦੇ ਹਨ। ਵੈਕਸੀਨ ਕੰਪਨੀਆਂ ਨਵੇਂ ਰੂਪਾਂ ਅਤੇ ਬੂਸਟਰ ਡੋਜ਼ ਨੂੰ ਕਮਾਈ ਦਾ ਸਾਧਨ ਬਣਾ ਰਹੀਆਂ ਹਨ। ਦੁਨੀਆ ਵਿੱਚ ਟੀਕਾ ਕੰਪਨੀਆਂ ਕੋਰੋਨਾ ਦਾ ਡਰ ਦਿਖਾ ਕੇ ਮਨਮਾਨੀਆਂ ਕਰ ਰਹੀਆਂ ਹਨ।

ਪੀਪਲਜ਼ ਵੈਕਸੀਨੇਸ਼ਨ ਅਲਾਇੰਸ (ਪੀ ਵੀ ਏ) ਦੇ ਵਿਸ਼ਲੇਸ਼ਣ ਅਨੁਸਾਰ ਫਾਈਜ਼ਰ ਨੇ 2021 ਵਿੱਚ ਹਰ ਸਕਿੰਡ 1 ਹਜ਼ਾਰ ਡਾਲਰ ਦਾ ਮੁਨਾਫਾ ਕਮਾਇਆ ਹੈ। ਬ੍ਰਿਟਿਸ਼ ਅਖ਼ਬਾਰ 'ਦਿ ਗਾਰਡੀਅਨ' ਦੀ ਰਿਪੋਰਟ ਮੁਤਾਬਕ ਫਾਈਜ਼ਰ ਨੂੰ ਵੈਕਸੀਨ ਦੀ ਖ਼ੁਰਾਕ ਤਿਆਰ ਕਰਨ ਉੱਤੇ 1 ਡਾਲਰ ਭਾਵ ਲੱਗਭਗ 75 ਰੁਪਏ ਦਾ ਖਰਚ ਆਉਂਦਾ ਹੈ। ਕੰਪਨੀ ਇਸ ਨੂੰ 30 ਡਾਲਰ ਵਿੱਚ ਵੇਚਦੀ ਹੈ।




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਓਨਟਾਰੀਓ ਵਿੱਚ ਜਹਾਜ਼ ਹਾਦਸਾਗ੍ਰਸਤ, 4 ਹਲਾਕ



ਓਨਟਾਰੀਓ, 5 ਮਈ (ਪੋਸਟ ਬਿਊਰੋ) : ਸੂ ਲੁੱਕਆਊਟ ਦੇ ਦੱਖਣਪੂਰਬ ਵਿੱਚ ਇੱਕ ਜਹਾਜ਼ ਦੇ ਹਾਦਸਾਗ੍ਰਸਤ ਹੋਣ ਕਾਰਨ ਚਾਰ ਲੋਕ ਮਾਰੇ ਗਏ। ਇਸ ਦੀ ਪੁਸ਼ਟੀ ਰਾਇਲ ਕੈਨੇਡੀਅਨ ਏਅਰ ਫੋਰਸ (ਆਰਸੀਏਐਫ) ਵੱਲੋਂ ਕੀਤੀ ਗਈ।

ਓਪੀਪੀ ਦੇ ਬੁਲਾਰੇ ਐਲੀਸਨ ਲਾਅਰੈਂਸ ਨੇ ਦੱਸਿਆ ਕਿ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੀ ਸਪੈਸ਼ਲਾਈਜ਼ਡ ਯੂਨਿਟ ਨੂੰ ਇਸ ਮਾਮਲੇ ਦੀ ਜਾਂਚ ਤੇ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਲਈ ਭੇਜਿਆ ਗਿਆ। ਇਸ ਦੇ ਨਾਲ ਹੀ ਮਾਰੇ ਗਏ ਚਾਰ ਵਿਅਕਤੀਆਂ ਦੀ ਸ਼ਨਾਖ਼ਤ ਦੀ ਜ਼ਿੰਮੇਵਾਰੀ ਵੀ ਇਸੇ ਯੂਨਿਟ ਨੂੰ ਦਿੱਤੀ ਗਈ। ਲਾਰੈਂਸ ਨੇ ਐਤਵਾਰ ਦੁਪਹਿਰ ਨੂੰ ਦੱਸਿਆ ਕਿ ਉਹ ਸਿਰਫ ਚਾਰ ਵਿਅਕਤੀਆਂ ਵਿੱਚੋਂ ਦੋ ਵਿਅਕਤੀਆਂ ਦੀ ਪਛਾਣ ਕਰਨ ਵਿੱਚ ਹੀ ਕਾਮਯਾਬ ਹੋਏ ਹਨ। ਉਨ੍ਹਾਂ ਦੇ ਪਰਿਵਾਰਾਂ ਨੂੰ ਸੂਚਿਤ ਕਰਨ ਲਈ ਵੀ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਜਦੋਂ ਤੱਕ ਚਾਰੇ ਵਿਅਕਤੀਆਂ ਦੀ ਪਛਾਣ ਨਹੀਂ ਹੋ ਜਾਂਦੀ ਉਦੋਂ ਤੱਕ ਪਛਾਣੇ ਗਏ ਦੋਵਾਂ ਵਿਅਕਤੀਆਂ ਦੇ ਨਾਂ ਵੀ ਜਾਰੀ ਨਹੀਂ ਕੀਤੇ ਜਾ ਸਕਦੇ।

ਇਹ ਵੀ ਪਤਾ ਲੱਗਿਆ ਹੈ ਕਿ ਇਹ ਜਹਾਜ਼ ਪਾਇਲਟ ਦਾ ਨਿਜੀ ਜਹਾਜ਼ ਸੀ। ਜੁਆਇੰਟ ਰੈਸਕਿਊ ਕੋਆਰਡੀਨੇਸ਼ਨ ਸੈਂਟਰ ਟ੍ਰੈਂਟਨ ਅਨੁਸਾਰ ਰੈਸਕਿਊ ਕ੍ਰਿਊ ਨੂੰ ਇਹ ਜਹਾਜ਼ ਸ਼ਨਿੱਚਰਵਾਰ ਸਵੇਰੇ ਮਿ-ਲਿਆ। ਜਹਾਜ਼ ਉੱਤੇ ਚਾਰ ਵਿਅਕਤੀ ਹੀ ਸਵਾਰ ਸਨ ਤੇ ਸਾਰਿਆਂ ਦੀ ਹੀ ਮੌਤ ਹੋ ਗਈ। ਜਹਾਜ਼ ਦੇ ਮਿਥੇ ਸਮੇਂ ਉੱਤੇ ਨਾ ਪਹੁੰਚਣ ਉਪਰੰਤ ਜੇਆਰਸੀਸੀ ਟ੍ਰੈਂਟਨ ਨੇ ਸ਼ਨਿੱਚਰਵਾਰ ਨੂੰ ਜਹਾਜ਼ ਦੀ ਭਾਲ ਸ਼ੁਰੂ ਕੀਤੀ। ਇਹ ਜਹਾਜ਼ ਪਾਈਪਰ ਪੀਏ-28 ਚਿਰੋਕੀ ਸੀ, ਜਿਹੜਾ ਕਿ ਦੋ ਤੋਂ ਚਾਰ ਯਾਤਰੀਆਂ ਵਾਲਾ ਹਲਕਾ ਜਹਾਜ਼ ਹੈ। ਇਹ ਜਹਾਜ਼ ਓਨਟਾਰੀਓ ਦੇ ਡਰਾਇਡਨ ਤੇ ਮੈਰਾਥਨ ਟਾਊਨਜ਼ ਦਰਮਿਆਨ ਉਡਾਨ ਭਰ ਰਿਹਾ ਸੀ।

# ਉਸਾਰੀ ਅਧੀਨ ਘਰ ਦੇ ਕੂੜੇਦਾਨ ਵਿੱਚੋਂ ਬੱਚੇ ਦੀ ਮਿਲੀ ਸੀ ਲਾਸ਼



ਓਨਟਾਰੀਓ, 5 ਮਈ (ਪੋਸਟ ਬਿਊਰੋ) : ਪੁਲਿਸ ਸੂਤਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸੋਮਵਾਰ ਨੂੰ ਰੋਜ਼ਡੇਲ ਵਿੱਚ ਕਾਸਲ ਫਰੈਂਕ ਸਟੇਸ਼ਨ ਨੇੜੇ ਕੂੜੇਦਾਨ ਵਿੱਚੋਂ ਮਿਲੀ ਲਾਸ਼ ਇੱਕ ਨਿੱਕੇ ਬੱਚੇ, ਸੰਭਾਵੀ ਤੌਰ ਉੱਤੇ ਨਵਜੰਮੇਂ ਬੱਚੇ ਦੀ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਕਾਸਲ ਫਰੈਂਕ ਰੋਡ ਤੇ ਡੇਲ ਐਵਨਿਊ ਉੱਤੇ ਇੱਕ ਘਰ ਦੀ ਕੰਸਟ੍ਰਕਸ਼ਨ ਸਾਈਟ ਉੱਤੇ ਇੱਕ ਲਾਸ਼ ਮਿਲਣ ਤੋਂ ਬਾਅਦ ਉਨ੍ਹਾਂ ਨੂੰ ਸ਼ਾਮੀਂ 4:45 ਉੱਤੇ ਮੈਡੀਕਲ ਕੰਪਲੇਂਟ ਸਬੰਧੀ ਫੋਨ ਆਇਆ। ਪੁਲਿਸ ਨੇ ਦੱਸਿਆ ਕਿ ਇੱਕ ਵਰਕਰ ਜਦੋਂ ਸਾਈਟ ਉੱਤੇ ਕੰਮ ਕਰਨ ਲਈ ਪਹੁੰਚਿਆ ਤਾਂ ਉਸ ਨੂੰ ਕੂੜੇਦਾਨ ਵਿੱਚ ਲਾਸ਼ ਪਈ ਮਿਲੀ। ਪੁਲਿਸ ਇਸ ਮੌਤ ਨੂੰ ਸ਼ੱਕੀ ਮੰਨ ਕੇ ਚੱਲ ਰਹੀ ਹੈ ਪਰ ਮੌਤ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ।

ਗੁਆਂਢੀਆਂ ਨੇ ਦੱਸਿਆ ਕਿ ਇਸ ਘਰ ਵਿੱਚ ਮੁਰੰਮਤ ਦਾ ਕੰਮ ਚੱਲ ਰਿਹਾ ਹੈ ਤੇ ਕਈ ਸਾਲਾਂ ਤੋਂ ਇੱਥੇ ਕੋਈ ਨਹੀਂ ਸੀ ਰਹਿ ਰਿਹਾ। ਫੋਰੈਂਸਿਕ ਟੀਮ ਵੱਲੋਂ ਵੀ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਕਿਸੇ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ। ਹੋਮੀਸਾਈਡ ਐਂਡ ਮਿਸਿੰਗ ਪਰਸਨਜ਼ ਯੂਨਿਟ ਵੱਲੋਂ ਜਾਂਚ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਪੋਸਟਮਾਰਟਮ ਦੇ ਨਤੀਜੇ ਆਉਣੇ ਵੀ ਅਜੇ ਬਾਕੀ ਹਨ।

# ਸੱਤ ਅੰਕਾਂ ਦੀ ਲੀਡ ਨਾਲ ਪੀਸੀ ਪਾਰਟੀ ਨੇ ਓਨਟਾਰੀਓ ਵਿਚ ਰਸਮੀ ਚੋਣ ਕੈਂਪੇਨ ਦੀ ਕੀਤੀ ਸ਼ੁਰੂਆਤ



ਓਨਟਾਰੀਓ, 5 ਮਈ (ਪੋਸਟ ਬਿਊਰੋ) : ਬੁੱਧਵਾਰ ਨੂੰ ਓਨਟਾਰੀਓ ਦੀ ਪ੍ਰੋਵਿੰਸ਼ੀਅਲ ਚੋਣ ਕੈਂਪੇਨ ਦੀ ਰਸਮੀ ਸ਼ੁਰੂਆਤ ਸਮੇਂ ਡੱਗ ਫੋਰਡ ਤੇ ਉਨ੍ਹਾਂ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਸੱਤ ਅੰਕਾਂ ਨਾਲ ਅੱਗੇ ਸੀ। ਇਹ ਖੁਲਾਸਾ ਇੱਕ ਨਵੇਂ ਸਰਵੇਖਣ ਤੋਂ ਹੋਇਆ।

ਨੈਨੋਜ਼ ਰਿਸਰਚ ਵੱਲੋਂ ਕੀਤੇ ਗਏ ਸਰਵੇਖਣ ਅਨੁਸਾਰ ਇਸ ਸਮੇਂ ਟੋਰੀਜ਼ ਨੂੰ ਓਨਟਾਰੀਓ ਦੇ 36.9 ਫੀ ਸਦੀ ਵੋਟਰਾਂ ਦਾ ਸਮਰਥਨ ਹਾਸਲ ਹੈ ਜਦਕਿ ਸਟੀਵਨ ਡੈਲ ਡੂਕਾ ਦੀ ਅਗਵਾਈ ਵਾਲੀ ਲਿਬਰਲਾਂ ਦੀ ਟੀਮ ਨੂੰ 30.4 ਫੀ ਸਦੀ ਵੋਟਰਾਂ ਤੋਂ ਸਮਰਥਨ ਮਿਲ ਰਿਹਾ ਹੈ। 23.7 ਫੀ ਸਦੀ ਸਮਰਥਨ ਨਾਲ ਐਂਡਰੀਆ ਹੌਰਵਥ ਦੀ ਐਨਡੀਪੀ ਚੱਲ ਰਹੀ ਹੈ ਜਦਕਿ ਗ੍ਰੀਨ ਪਾਰਟੀ 4.3 ਫੀ ਸਦੀ ਸਮਰਥਨ ਨਾਲ ਕਾਫੀ ਪਿੱਛੇ ਹੈ। ਨੌਂ ਫੀ ਸਦੀ ਵੋਟਰ ਅਜੇ ਤੱਕ ਇਹ ਫੈਸਲਾ ਨਹੀਂ ਕਰ ਸਕੇ ਹਨ ਕਿ ਉਨ੍ਹਾਂ ਨੇ ਕਿਹੜੀ ਪਾਰਟੀ ਨੂੰ ਵੋਟ ਪਾਉਣੀ ਹੈ।

ਜੀਟੀਏ ਵਿੱਚ ਕੰਜ਼ਰਵੇਟਿਵਾਂ ਤੇ ਲਿਬਰਲਾਂ ਵਿਚਾਲੇ ਕਾਂਟੇ ਦੀ ਟੱਕਰ ਚੱਲਦੀ ਮਹਿਸੂਸ ਹੋ ਰਹੀ ਹੈ। ਇੱਥੇ ਟੋਰੀਜ਼ ਨੂੰ ਲਿਬਰਲਾਂ ਤੋਂ ਸਿਰਫ ਇੱਕ ਅੰਕ ਦੀ ਲੀਡ ਹਾਸਲ ਹੈ। ਪਰ ਓਨਟਾਰੀਓ ਵਿੱਚ ਹੋਰਨਾਂ ਥਾਂਵਾਂ ਉੱਤੇ ਟੋਰੀਜ਼ ਨੂੰ ਲਿਬਰਲਾਂ ਤੋਂ 11 ਅੰਕਾਂ ਦੀ ਤੇ ਐਨਡੀਪੀ ਤੋਂ 15 ਅੰਕਾਂ ਦੀ ਲੀਡ ਹਾਸਲ ਹੈ।

ਪ੍ਰੀਮੀਅਰ ਵਜੋਂ ਡੱਗ ਫੋਰਡ ਨੂੰ 29.9 ਫੀ ਸਦੀ ਲੋਕਾਂ ਵੱਲੋਂ ਆਪਣਾ ਪਸੰਦੀਦਾ ਆਗੂ ਦੱਸਿਆ ਗਿਆ ਹੈ ਪਰ ਉਨ੍ਹਾਂ ਦੀ ਪਾਰਟੀ ਕਾਰਨ ਉਹ ਕਿਤੇ ਪਛੜ ਵੀ ਸਕਦੇ ਹਨ। ਦੂਜੇ ਪਾਸੇ ਸਿਰਫ 17 ਫੀ ਸਦੀ ਵੋਟਰ ਹੀ ਸਟੀਵਨ ਡੈਲ ਡੂਕਾ ਨੂੰ ਆਪਣੇ ਪਸੰਦੀਦਾ ਪ੍ਰੀਮੀਅਰ ਵਜੋਂ ਅਪਨਾਉਣ ਲਈ ਰਾਜ਼ੀ ਹਨ ਪਰ ਇਸ ਤੋਂ ਕਿਤੇ ਜ਼ਿਆਦਾ ਗਿਣਤੀ ਵਿੱਚ ਲੋਕ ਲਿਬਰਲ ਪਾਰਟੀ ਨੂੰ ਵੋਟ ਕਰਨ ਦੇ ਚਾਹਵਾਨ ਹਨ।

22.8 ਫੀ ਸਦੀ ਲੋਕਾਂ ਦਾ ਕਹਿਣਾ ਹੈ ਕਿ ਪ੍ਰੀਮੀਅਰ ਵਜੋਂ ਉਨ੍ਹਾਂ ਦੀ ਪਸੰਦੀਦਾ ਆਗੂ ਐਨਡੀਪੀ ਦੀ ਐਂਡਰੀਆ ਹੌਰਵਥ ਹੈ। ਇਹ ਸਰਵੇਖਣ 28 ਅਪਰੈਲ ਤੋਂ 2 ਮਈ ਦਰਮਿਆਨ ਕਰਵਾਇਆ ਗਿਆ।

# ਲੀਡਰਸ਼ਿਪ ਦੌੜ ਲਈ ਕੰਜ਼ਰਵੇਟਿਵਾਂ ਦੇ ਛੇ ਉਮੀਦਵਾਰ ਹੀ ਰਹਿ ਗਏ ਚੋਣ ਪਿੜ ਵਿਚ



ਓਟਵਾ, 5 ਮਈ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਛੇ ਲੀਡਰਸ਼ਿਪ ਉਮੀਦਵਾਰਾਂ ਨੇ ਚੋਣ ਮੁਕਾਬਲੇ ਲਈ ਆਪਣੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਨੂੰ ਪਾਰ ਕਰ ਲਿਆ ਹੈ। ਭਾਵ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਲਈ ਹੁਣ ਮੈਦਾਨ ਵਿੱਚ ਛੇ ਉਮੀਦਵਾਰ ਹੀ ਬਚੇ ਹਨ। ਤਿੰਨ ਉਮੀਦਵਾਰ ਇਸ ਮੁਕਾਬਲੇ ਵਿੱਚ ਅੱਗੇ ਤੱਕ ਥਾਂ ਨਹੀਂ ਬਣਾ ਪਾਏ।

ਟੋਰੀ ਫਾਇਨਾਂਸ ਕ੍ਰਿਟਿਕ ਪਿਏਰ ਪੌਲੀਐਵਰ ਆਪਣੀਆਂ ਰੈਲੀਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਆਕਰਸ਼ਿਤ ਕਰਨ ਵਿੱਚ ਸਫਲ ਰਹੇ ਹਨ ਤੇ ਇਸ ਦੇ ਨਾਲ ਹੀ ਕਿਊਬਿਕ ਦੇ ਸਾਬਕਾ ਪ੍ਰੀਮੀਅਰ ਜੀਨ ਚਾਰੈਸਟ ਵੱਲੋਂ ਬਹੁਤਾ ਜ਼ੋਰ ਨਰਮਖਿਆਲੀਏ ਕੰਜ਼ਰਵੇਟਿਵਾਂ ਨੂੰ ਲਾਇਆ ਜਾ ਰਿਹਾ ਹੈ। ਇਹ ਦੋਵੇਂ ਉਮੀਦਵਾਰ ਸਾਬਕਾ ਆਗੂ ਐਰਿਨ ਓਟੂਲ ਦੀ ਥਾਂ ਲੈਣ ਲਈ ਸ਼ੁਰੂ ਕੀਤੀ ਗਈ ਲੀਡਰਸ਼ਿਪ ਦੌੜ ਵਿੱਚ ਸੱਭ ਤੋਂ ਅੱਗੇ ਚੱਲ ਰਹੇ ਹਨ।

ਇਸੇ ਤਰਜ਼ ਉੱਤੇ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਧਾਰਮਿਕ ਆਜ਼ਾਦੀ ਦੀ ਗੱਲ ਕਰਨ ਦੇ ਨਾਲ ਨਾਲ ਵੱਖ ਵੱਖ ਭਾਈਚਾਰਿਆਂ ਦੇ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਵਾਅਦੇ ਕਰ ਰਹੇ ਹਨ। ਉਨ੍ਹਾਂ ਦੇ ਨਾਲ ਰੂਰਲ ਓਨਟਾਰੀਓ ਤੋਂ ਐਮਪੀਪੀ ਲੈਸਲਿਨ ਲੁਈ ਵੀ ਇਸ ਲੀਡਰਸ਼ਿਪ ਦੌੜ ਦੇ ਬਾਕੀ ਉਮੀਦਵਾਰਾਂ ਨੂੰ ਚੰਗੀ ਟੱਕਰ ਦੇ ਰਹੇ ਹਨ। ਇਸ ਦੌਰਾਨ ਓਨਟਾਰੀਓ ਤੋਂ ਐਮਪੀ ਸਕੌਟ ਐਚੀਸਨ ਵੱਲੋਂ ਸਪਲਾਈ ਮੈਨੇਜਮੈਂਟ ਨੂੰ ਖ਼ਤਮ ਕਰਨ ਦਾ ਵਾਅਦਾ ਕੀਤਾ ਗਿਆ ਹੈ ਤੇ ਓਨਟਾਰੀਓ ਤੋਂ ਇੰਡੀਪੈਂਡੈਂਟ ਐਮਪੀਪੀ ਰੋਮਨ ਬੇਬਰ ਵੀ ਪਿੜ ਵਿੱਚ ਬਣੇ ਹੋਏ ਹਨ।

ਉਮੀਦਵਾਰੀ ਪੱਕੀ ਕਰਨ ਲਈ ਉਮੀਦਵਾਰਾਂ ਨੂੰ ਪਿਛਲੇ ਸ਼ੁੱਕਰਵਾਰ ਤੱਕ ਰਜਿਸਟ੍ਰੇਸ਼ਨ ਫੀਸ ਦੇ ਰੂਪ ਵਿੱਚ 300,000 ਡਾਲਰ ਜਮ੍ਹਾਂ ਕਰਵਾਉਣੇ ਸਨ, ਇਸ ਤੋਂ ਇਲਾਵਾ ਕੰਪਲਾਇੰਸ ਡਿਪੌਜ਼ਿਟ ਦੇ ਨਾਲ ਨਾਲ 500 ਪਾਰਟੀ ਮੈਂਬਰਾਂ ਦੇ ਦਸਤਖ਼ਤ ਵੀ ਜਮ੍ਹਾਂ ਕਰਵਾਉਣੇ ਸਨ। ਕੰਜ਼ਰਵੇਟਿਵਸ ਆਪਣੇ ਨਵੇਂ ਆਗੂ ਦਾ ਐਲਾਨ 19 ਸਤੰਬਰ ਨੂੰ ਕਰਨਗੇ।

ਇਸ ਦੌਰਾਨ ਓਨਟਾਰੀਓ ਤੋਂ ਸਾਬਕਾ ਐਮਪੀ ਲਿਓਨਾ ਐਲੇਸਲੇਵ, 2018 ਵਿੱਚ ਜੋ ਲਿਬਰਲਾਂ ਨੂੰ ਛੱਡ ਕੇ ਕੰਜ਼ਰਵੇਟਿਵਾਂ ਦੇ ਖੇਮੇ ਵਿੱਚ ਸ਼ਾਮਲ ਹੋ ਗਈ ਸੀ, ਨੇ ਐਲਾਨ ਕੀਤਾ ਕਿ ਉਹ ਬਣਦੀ ਰਕਮ ਜਮ੍ਹਾਂ ਨਹੀਂ ਕਰ ਸਕੀ ਇਸ ਲਈ ਉਹ ਇਸ ਦੌੜ ਤੋਂ ਪਾਸੇ ਹੋ ਰਹੀ ਹੈ। ਬ੍ਰਿਟਿਸ਼ ਕੋਲੰਬੀਆ ਤੋਂ ਐਮਪੀ ਮਾਰਕ ਡਾਲਟਨ ਨੇ ਵੀ ਪੈਸੇ ਇੱਕਠੇ ਨਾ ਕਰ ਸਕਣ ਕਾਰਨ ਆਪਣਾ ਨਾਂ ਵਾਪਿਸ ਲੈਣ ਦੀ ਗੱਲ ਆਖੀ। ਕੁੱਝ ਉਮੀਦਵਾਰਾਂ ਨੇ ਕੰਜ਼ਰਵੇਟਿਵ ਪਾਰਟੀ ਉੱਤੇ ਦੋਸ਼ ਲਾਇਆ ਕਿ ਉਨ੍ਹਾਂ ਵੱਲੋਂ ਪੂਰੇ ਪੈਸੇ ਤੇ ਦਸਤਖ਼ਤ ਜਮ੍ਹਾਂ ਕਰਵਾਏ ਜਾਣ ਦੇ ਬਾਵਜੂਦ ਉਨ੍ਹਾਂ ਦੇ ਨਾਂ ਪਾਰਟੀ ਵੱਲੋਂ ਇਸ ਦੌੜ ਲਈ ਨਹੀਂ ਵਿਚਾਰੇ ਜਾ ਰਹੇ।

# ਸ਼ਿਵ ਸੈਨਾ ਨੂੰ ਕਿਸੇ ਤੋਂ ਵੀ ਹਿੰਦੂਤਵ ਦੇ ਸਬਕ ਦੀ ਲੋੜ ਨਹੀਂ: ਸੰਜੇ ਰਾਊਤ



ਮੁੰਬਈ, 5 ਮਈ (ਪੋਸਟ ਬਿਊਰੋ)- ਸ਼ਿਵ ਸੈਨਾ ਪਾਰਲੀਮੈਂਟ ਮੈਂਬਰ ਸੰਜੇ ਰਾਊਤ ਨੇ ਕਿਹਾ ਹੈ ਕਿ ਮਹਾਰਾਸ਼ਟਰ ਵਿੱਚ ਲਾਊਡ ਸਪੀਕਰਾਂ ਬਾਰੇ ਜਾਰੀ ਨਿਰਦੇਸ਼ਾਂ ਦੀ ਕੋਈ ਉਲੰਘਣਾ ਨਹੀਂ ਹੋਈ। ਉਨ੍ਹਾਂ ਕਿਹਾ ਕਿ ਸ਼ਿਵ ਸੈਨਾ ਨੂੰ ਕਿਸੇ ਕੋਲੋਂ ਵੀ ਹਿੰਦੂਤਵ ਦਾ ਸਬਕ ਲੈਣ ਦੀ ਲੋੜ ਨਹੀਂ ਹੈ।

ਭਾਜਪਾ ਅਤੇ ਮਹਾਰਾਸ਼ਟਰ ਨਵ-ਨਿਰਮਾਣ ਸੈਨਾ (ਐਮ ਐਨ ਐਸ) ਦੇ ਅਸਿੱਧੇ ਹਵਾਲੇ ਨਾਲ ਸੰਜੇ ਰਾਊਤ ਨੇ ਕਿਹਾ ਕਿ ਲੋਕ ਅਜਿਹੇ ਲੋਕਾਂ ਵੱਲ ਧਿਆਨ ਨਹੀਂ ਦਿੰਦੇ ਜੋ ਫਰਜ਼ੀ ਹਿੰਦੂਤਵੀਆਂ ਦੀ ਹਮਾਇਤ ਨਾਲ ਸ਼ਿਵ ਸੈਨਾ ਖਿਲਾਫ ਸਾਜ਼ਿਸ਼ਾਂ ਘੜਦੇ ਹਨ। ਸੰਜੇ ਰਾਊਤ ਨੇ ਕਿਹਾ ਕਿ ਰਾਜ ਸਰਕਾਰ ਸੁਪਰੀਮ ਕੋਰਟ ਵੱਲੋਂ ਲਾਊਡ ਸਪੀਕਰਾਂ ਬਾਰੇ ਜਾਰੀ ਨਿਰਦੇਸ਼ਾਂ ਮੁਤਾਬਕ ਹੀ ਕੰਮ ਕਰ ਰਹੀ ਹੈ। ਜੇ ਕੋਈ ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਸਰਕਾਰ ਉਸ ਨਾਲ ਨਜਿੱਠਣ ਦੇ ਸਮਰੱਥ ਹੈ। ਹਾਲਾਤ ਅਜੇ ਉਸ ਪੱਧਰ ਉੱਤੇ ਨਹੀਂ ਪੁੱਜੇ, ਜਿੱਥੇ (ਲਾਊਡ ਸਪੀਕਰ ਮੁੱਦੇ ਉੱਤੇ) ਮਹਾਰਾਸ਼ਟਰ ਜਾਂਮੁੰਬਈ ਵਿੱਚ ਅੰਦੋਲਨ ਦੀ ਲੋੜ ਹੈ। ਐਮ ਐਨ ਐਸ ਦੇ ਮੁਖੀ ਵੱਲੋਂ ਸ਼ਿਵ ਸੈਨਾ ਦੇ ਬਾਨੀ ਬਾਲ ਠਾਕਰੇ ਦੀ ਟਵਿੱਟਰ ਉੱਤੇ ਸਾਂਝੀ ਕੀਤੀ ਪੁਰਾਣੀ ਵੀਡੀਓ, ਜਿਸ ਵਿੱਚ ਉਹ ਕਹਿੰਦੇ ਹਨ ਕਿ ਜਿਸ ਦਿਨ ਸ਼ਿਵ ਸੈਨਾ ਸੱਤਾ ਵਿੱਚ ਆਈ ਸੜਕਾਂ ਉੱਤੇ ਨਮਾਜ਼ ਅਦਾ ਕਰਨ ਦਾ ਅਮਲ ਬੰਦ ਕੀਤਾ ਜਾਵੇਗਾ ਤੇ ਮਸਜਿਦਾਂ ਵਿੱਚ ਲੱਗੇ ਲਾਊਡ ਸਪੀਕਰ ਹਟਾਏ ਜਾਣਗੇ, ਦੇ ਬਾਰੇ ਪੁੱਛਣ ਉੱਤੇ ਰਾਊਤ ਨੇ ਕਿਹਾ ਕਿ 'ਅਸੀਂ ਆਪਣੇ ਸਿਧਾਂਤਾਂ ਉੱਤੇ ਚੱਲਦੇ ਹਾਂ। ਬਾਲਾ ਸਾਹਿਬ ਨੇ ਲਾਊਡ ਸਪੀਕਰਾਂ ਤੇ ਸੜਕਾਂ ਉਤੇ ਨਮਾਜ਼ ਅਦਾ ਕਰਨ ਬਾਰੇ ਸਟੈਂਡ ਲਿਆ, ਪਰ ਸੱਤਾ ਵਿੱਚ ਆਉਣ ਮਗਰੋਂ ਇਸ ਨੂੰ ਖਤਮ ਕੀਤਾ ਸੀ। ''

# ਯੂਰਪੀ ਯੂਨੀਅਨ ਨੇ ਰੂਸ ਉੱਤੇ 6ਵੇਂ ਫੇਜ਼ ਦੀ ਪਾਬੰਦੀ ਲਾਈ



ਬ੍ਰਸੇਲਸ, 5 ਮਈ (ਪੋਸਟ ਬਿਊਰੋ)- ਯੂਰਪੀ ਯੂਨੀਅਨ (ਈ ਯੂ) ਨੇ ਕੱਲ੍ਹ ਰੂਸ ਦੇ ਖ਼ਿਲਾਫ 6ਵੇਂ ਪੜਾਅ ਦੀ ਪਾਬੰਦੀ ਦਾ ਐਲਾਨ ਕੀਤਾ।ਈ ਯੂ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਨ ਨੇ ਯੂਰਪੀ ਪਾਰਲੀਮੈਂਟ ਵਿੱਚ ਕਿਹਾ ਕਿ ਰੂਸ ਤੋਂ ਯੂਰਪ ਨੂੰ ਹੁੰਦੀ ਤੇਲ ਸਪਲਾਈ ਉੱਤੇ ਅਸੀਂ ਕੱਲ੍ਹ ਤੋਂ ਪੂਰੀ ਪਾਬੰਦੀ ਲਾਉਣੀ ਸ਼ੁਰੂ ਕਰਾਂਗੇ, ਭਾਵੇਂ ਉਹ ਸਮੁੰਦਰ ਤੋਂ ਕੱਢਿਆ ਤੇਲ ਹੋਵੇ, ਪਾਈਪਲਾਈਨ ਰਾਹੀਂ, ਕੱਚਾ ਤੇਲ ਜਾਂ ਰਿਫਾਈਂਡ ਤੇਲ ਹੋਵੇ। ਪਾਬੰਦੀ ਦੌਰਾਨ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਰੂਸੀ ਇੰਪੋਰਟ ਉੱਤੇ ਲੱਗਣ ਵਾਲੀ ਇਹ ਪਾਬੰਦੀ ਪੜਾਅ-ਬੱਧ ਤਰੀਕੇ ਨਾਲ ਲਗਾਈ ਜਾਵੇ।

ਈ ਯੂ ਦੀ ਪ੍ਰਧਾਨ ਨੇ ਕਿਹਾ ਕਿ ਅਸੀਂ ਰੂਸ ਦੇ ਤਿੰਨ ਵੱਡੇ ਪ੍ਰਸਾਰਕਾਂ ਉੱਤੇ ਵੀ ਪਾਬੰਦੀ ਲਾ ਰਹੇ ਹਾਂ। ਪਾਬੰਦੀ ਤੋਂ ਬਾਅਦ ਇਹ ਪ੍ਰਸਾਰਕ ਈ ਯੂ ਵਿੱਚ ਆਪਣੇ ਪ੍ਰੋਗਰਾਮ ਕੇਬਲ, ਸੈਟੇਲਾਈਟ, ਇੰਟਰਨੈਟ ਤੇ ਸਮਾਰਟਫੋਨ ਐਪ ਰਾਹੀਂ ਪੇਸ਼ ਨਹੀਂ ਕਰ ਸਕਣਗੇ। ਛੇਵੇਂ ਪੜਾਅ ਦੀਆਂ ਪਾਬੰਦੀਆਂ ਤੋਂ ਅਸੀਂ ਦੁਨੀਆਵਿੱਚ ਬੈਂਕਾਂ ਵਿਚਾਲੇ ਲੈਣ-ਦੇਣ ਨੂੰ ਸੌਖਾ ਬਣਾਉਣ ਵਾਲੀ ਕਮੇਟੀ ਸਵਿਫਟ ਨਾਲ ਰੂਸ ਦੇ ਸਬੇਰਬੈਂਕ ਅਤੇ ਦੋ ਹੋਰ ਮੁੱਖ ਬੈਂਕਾਂ ਨੂੰ ਵੱਖ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।ਇਸ ਨਾਲ ਰੂਸ ਦੇ ਵਿੱਤੀ ਸਿਸਟਮਰਾਹੀਂ ਵੱਡੇ ਬੈਂਕਾਂ ਨੂੰ ਪ੍ਰਭਾਵਿਤ ਕਰ ਕੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਸਮਰੱਥਾ ਨੂੰ ਪ੍ਰਭਾਵਿਤ ਕੀਤਾ ਜਾਏਗਾ।

# ਐਮ ਪੀ ਨਵਨੀਤ ਰਾਣਾ ਨੂੰ ਸ਼ਰਤਾਂ ਨਾਲ ਜ਼ਮਾਨਤ ਮਿਲੀ



ਮੁੰਬਈ, 5 ਮਈ (ਪੋਸਟ ਬਿਊਰੋ)- ਅਦਾਲਤ ਨੇ ਮਹਾਰਾਸ਼ਟਰ ਦੀ ਜੇਲ੍ਹ ਵਿੱਚ ਬੰਦ ਅਮਰਾਵਤੀ ਦੀ ਪਾਰਲੀਮੈਂਟ ਮੈਂਬਰ ਨਵਨੀਤ ਰਾਣਾ ਤੇ ਉਨ੍ਹਾਂ ਦੇ ਪਤੀ ਵਿਧਾਇਕ ਰਵੀ ਰਾਣਾ ਨੂੰ ਕੱਲ੍ਹ ਸ਼ਰਤਾਂ ਉੱਤੇ ਜ਼ਮਾਨਤ ਦੇ ਦਿੱਤੀ ਅਤੇ ਜੋੜੇ ਨੂੰ ਕਿਹਾ ਕਿ ਰਿਹਾਈ ਤੋਂ ਬਾਅਦ ਉਹ ਸਬੂਤਾਂ ਨਾਲ ਛੇੜਛਾੜ ਨਹੀਂ ਕਰਨਗੇ ਤੇ ਜਾਂਚ ਵਿੱਚ ਸਹਿਯੋਗ ਦੇਣਗੇ।


ਵਿਸ਼ੇਸ਼ ਜੱਜ ਆਰ ਐਨ ਰੋਕਾਡੇ ਨੇ ਦੋਵਾਂ ਨੂੰ ਪੰਜਾਹ-ਪੰਜਾਹ ਹਜ਼ਾਰ ਰੁਪਏ ਦਾ ਨਿੱਜੀ ਮੁਚੱਲਕਾ ਭਰਨ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਜੋੜੇ ਨੂੰ ਇਸ ਕਸੇ ਵਿੱਚ ਮੀਡੀਆ ਨਾਲ ਗੱਲ ਕਰਨ ਤੋਂ ਮਨ੍ਹਾ ਕਰਨ ਦੇ ਨਾਲ ਕਿਹਾ ਹੈ ਕਿ ਉਹ ਇਸ ਤਰ੍ਹਾਂ ਦੇ ਕਿਸੇ ਵਿਵਾਦ ਵਿੱਚ ਫਿਰ ਸ਼ਾਮਲ ਨਹੀਂ ਹੋਣਗੇ। ਵਰਨਣ ਯੋਗ ਹੈ ਕਿ ਨਵਨੀਤ ਰਾਣਾ ਅਤੇ ਉਸ ਦੇ ਪਤੀ ਵਿਧਾਇਕ ਰਵੀ ਰਾਣਾ ਨੇ ਮੁੱਖ ਮੰਤਰੀ ਊਧਵ ਠਾਕਰੇ ਦੀ ਰਿਹਾਇਸ਼ ਮਾਤੋਸ਼੍ਰੀ ਅੱਗੇ ਹਨੂਮਾਨ ਚਾਲੀਸਾ ਦਾ ਪਾਠ ਕਰਨ ਦਾ ਐਲਾਨ ਕੀਤਾ ਸੀ। ਰਾਣਾ ਜੋੜੇ ਨੇ ਪ੍ਰਧਾਨ ਮੰਤਰੀ ਦੀ ਤਸਵੀਜ਼ਸ਼ੁਦਾ ਮੁੰਬਈ ਯਾਤਰਾ ਕਾਰਨ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਸੀ, ਪਰ ਪੁਲਸ ਨੇ ਇਸ ਤੋਂ ਪਹਿਲਾਂ ਰਾਣਾ ਜੋੜੇ ਨੂੰ 23 ਅਪ੍ਰੈਲ ਨੂੰ ਗ੍ਰਿਫਤਾਰ ਕਰ ਲਿਆ। ਬਾਅਦ ਵਿੱਚ ਉਨ੍ਹਾਂ ਉੱਤੇ ਦੇਸ਼ਧ੍ਰੋਹ ਦੀ ਧਾਰਾ ਲਾਈ ਗਈ ਸੀ।ਜ਼ਮਾਨਤ ਦੀ ਪਟੀਸ਼ਨ ਉੱਤੇ ਰਾਣਾ ਜੋੜੇ ਦੇ ਵਕੀਲ ਨੇ ਕਿਹਾ ਕਿ ਮੁੱਖ ਮੰਤਰੀ ਊਧਵ ਠਾਕਰੇ ਮਹਾਰਾਸ਼ਟਰ ਸਰਕਾਰ ਦੇ ਨੁਮ-ਾਇੰਦੇ ਹਨ, ਉਹ ਮਹਾਰਾਸ਼ਟਰ ਸਰਕਾਰ ਨਹੀਂ। ਊਧਵ ਅਤੇ ਉਨ੍ਹਾਂ ਦੀ ਪਾਰਟੀ ਸ਼ਿਵ ਸੈਨਾ ਖਿਲਾਫ ਟਿੱਪਣੀ ਮਹਾਰਾਸ਼ਟਰ ਸਰਕਾਰ ਨੂੰ ਚੁਣੌਤੀ ਦੇਣਾ ਨਹੀਂ। ਸਰਕਾਰੀ ਵਕੀਲ ਨੇ ਜ਼ਮਾਨਤ ਦੇ ਵਿਰੋਧ ਵਿੱਚ ਕਿਹਾ ਕਿ ਜੋੜੇ ਨੇ ਸਰਕਾਰ ਨੂੰ ਚੁਣੌਤੀ ਦੇਣ ਤੇ ਕਾਨੂੰਨ ਵਿਵਸਥਾ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ।


ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756



ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੁ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

# ਵੈਨਕੂਵਰ ਵਿਚ ਬੱਬੂ ਮਾਨ ਦੇ ਸ਼ੋਅ ਨੇ ਇਤਿਹਾਸ ਰਚਿਆ

## ਪਹਿਲੇ ਦੱਖਣੀ ਏਸ਼ੀਆਈ ਕਲਾਕਾਰ ਨੂੰ ਪੀ ਐਨ ਈ ਭਰਨ ਦਾ ਮਾਣ ਹੋਇਆ ਹਾਸਿਲ

ਵੈਨਕੂਵਰ (ਪੋਸਟ ਬਿਊਰੋ): ਕੈਨੇਡਾ ਦੇ ਪ੍ਰਸਿੱਧ ਸ਼ਹਿਰ ਵੈਨਕੂਵਰ ਦੇ ਵਿਚ 30 ਅਪ੍ਰੈਲ ਨੂੰ ਕਰਵਾਇਆ ਗਿਆ ਬੱਬੂ ਮਾਨ ਦਾ ਸ਼ੋਅ, ਪੰਜਾਬੀ ਸੰਗੀਤ ਦਾ ਹੁਣ ਤਕ ਦਾ ਸਭ ਤੋਂ ਵੱਡਾ ਸ਼ੋਅ ਹੋ ਨਿਬੜਿਆ ਹੈ । ਕੈਨੇਡਾ ਦੇ ਸਬ ਤੋਂ ਵੱਡੇ ਮੰਨੇ ਜਾਂਦੇ ਹਾਲ ਪੀ.ਐਨ.ਏ. ਇਸ ਸ਼ੋ ਦਾ ਪ੍ਰਬੰਧ ਕੀਤਾ ਗਿਆ ਸੀ ਬੱਬੂ ਮਾਨ ਇਸ ਸ਼ੋ ਉਪਰੰਤ ਪਹਿਲਾ ਦੱਖਣੀ ਏਸ਼ੀਆਈ ਕਲਾਕਾਰ ਬਣ ਗਿਆ ਹੈ ਜਿਸ ਨੂੰ ਸੁਨਣ ਲਾਇ ਦਰਸ਼ਕਾਂ ਨਾਲ ਪੀ.ਐਨ.ਏ. ਹਾਲ ਭਰਨ ਦਾ ਮਾਣ ਮਿਲਿਆ ਹੈ

ਮਿਲੀ ਜਾਣਕਾਰੀ ਅਨੁਸਾਰ ਬੱਬੂ ਮਾਨ ਇਹਨਾਂ ਦਿਨਾਂ ਚ ਉਤਰੀ ਅਮਰੀਕਾ ਦੇ ਸੰਗੀਤਕ ਦੌਰੇ ਤੇ ਹਨ ਕੋਵਿਡ ਕਾਰਨ ਪਿਛਲੇ ਕਈ ਸਾਲਾਂ ਕੈਨੇਡਾ ਚ ਕੋਈ ਸੰਗੀਤਕ ਸ਼ੋਅ ਨਹੀਂ ਹੋ ਸਕਿਆ ਸੀ ਅਤੇ ਬੱਬੂ ਨੇ ਆਖਰੀ ਵਾਰ 2018 ਚ ਇਥੇ ਸ਼ੋ ਕੀਤਾ ਸੀ ਜਿਸ ਦੇ ਚਲਦਿਆਂ ਇਸ ਸ਼ੋ ਲਾਈ ਬੱਬੂ ਦੇ ਪ੍ਰਸੰਸਕਾਂ ਚ ਅਥਾਹ ਉਤਸ਼ਾਹ ਦੇਖਣ ਨੂੰ ਮਿਲਿਆ ਭਾਵੇਂ ਕਿ ਪ੍ਰਬੰਧਕਾਂ ਨੇ ਇਸ ਵਾਰ ਬਹੁਤੀਆਂ ਟਿਕਟਾਂ ਆਨ

ਲਾਈਨ ਹੀ ਵੇਚੀਆਂ ਬਾਬਜੂਦ ਟਿਕਟਾਂ ਲੈਣ ਲਈ ਮੁਖ ਦਫਤਰ ਸਰੀ ਚ ਲਾਈਨਾਂ ਲੱਗੀਆਂ ਰਹੀਆਂ। ਪਿਛਲੇ ਸਮਿਆਂ ਚ ਵੱਖ ਵੱਖ ਕਲਾਕਾਰਾਂ ਦੇ ਸ਼ੋਆਂ ਚ ਲੜਾਈ ਝਗੜੇ ਨੂੰ ਦੇਖਦਿਆਂ ਪ੍ਰਬੰਧਕਾਂ ਵਲੋਂ ਬੱਬੂ ਦੇ ਸ਼ੋ ਨੂੰ ਇਕ ਵਿਲੱਖਣ ਢੰਗ ਨਾਲ ਵਿਉਂਤਿਆ ਗਿਆ ਦਰਜਨਾਂ ਗੱਡੀਆਂ ਪੁਲਿਸ ਦੀਆ ਤੋਂ ਇਲਾਵਾ ਸੈਂਕੜਿਆਂ ਚ ਪ੍ਰਾਈਵੇਟ ਸਕਿਉਰਿਟੀ ਦਾ ਪ੍ਰਬੰਧ ਕੀਤਾ ਗਿਆ

ਬੱਬੂ ਮਾਨ ਦੇ ਸ਼ੋ ਤੋਂ ਰੋਮਾਂਚਿਤ ਪੀ ਐਨ ਈ ਦੇ ਪ੍ਰਬੰਧਕਾਂ ਨੇ ਜਿਥੇ ਆਪਣੇ ਅਫ਼ੀਸ਼ੀਲੀ ਟਵੀਟਰ ਤੇ ਇਸ ਸ਼ੋ ਤੇ ਸੋਲਡ ਆਊਟ ਹੋਣ ਦੀ ਪੁਸ਼ਟੀ ਕੀਤੀ ਓਥੇ ਹੀ ਪੀ ਐਨ ਈ ਦੇ ਡਾਇਰੈਕਟਰ ਰਿਚਰਡ



ਪ੍ਰਸੇਲ ਨੇ ਸ਼ੋ ਦੌਰਾਨ ਸਟੇਜ ਤੇ ਆ ਕੇ ਐਲਾਨ ਕੀਤਾ ਕੇ ਵੈਨਕੂਵਰ ਦੇ ਇਸ ਵੱਡੇ ਹਾਲ ਨੂੰ ਕਿਸੇ ਦੱਖਣੀ ਏਸ਼ੀਆਈ



ਕਲਾਕਾਰ ਦੇ ਸ਼ੋ ਲਾਇ ਪੂਰਾ ਖੋਲਣ ਚ ਉਹ ਅਤਿਅੰਤ ਰੁਮਾਂਚਿਤ ਹਨ। ਇਸ ਮੌਕੇ ਊਨਾ ਬੱਬੂ ਮਾਨ ਦੀ ਤਸਵੀਰ ਪੀ ਐਨ ਈ ਦੇ ਹਾਲ ਆਫ ਫ਼ੇਮ ਚ ਲਗਾਉਣ ਦਾ ਵੀ ਐਲਾਨ ਕੀਤਾ। ਜਿਸ ਦਾ ਦਰਸ਼ਕਾਂ ਨੇ ਤਾੜੀਆਂ ਨਾਲ ਸਵਾਗਤ ਕੀਤਾ। ਕਈ ਘੰਟੇ ਚਲੇ ਇਸ ਸ਼ੋ ਦੌਰਾਨ ਦਰਸ਼ਕ ਬੱਬੂ ਦੇ ਗੀਤਾਂ ਤੇ ਝੂਮਦੇ ਰਹੇ

ਇਸ ਸ਼ੋਅ ਦੇ ਪ੍ਰਬੰਧਕਾਂ ਵਿਚ ਬਲਜਿੰਦਰ ਸਿੰਘ ਸੰਘਾ,ਮਨਜੀਤ ਮਾਂਗਟ , ਜੀਵਨ ਸਿੱਧੂ , ਜੱਸੀ ਟਿਵਾਣਾ ਅਤੇ ਧਰਮਿੰਦਰ ਮਾਵੀ ਨੇ ਮੁੱਖ ਭੂਮਿਕਾ ਨਿਭਾਈ। ਸਰਦਾਰ ਸੰਘਾ ਨੇ ਦੱਸਿਆ ਕਿ ਇਸ ਵਾਰ ਵੱਡੀ ਜਿੰਮੇਵਾਰੀ ਸੀ ਓਹਨਾ ਵੈਨਕੂਵਰ ਦੇ ਵੱਖ ਵੱਖ ਸ਼ਹਿਰਾਂ ਤੋਂ ਪੁਜੇ ਦਰਸ਼ਕਾਂ ਦਾ ਧੰਨਵਾਦ ਕੀਤਾ ਤੇ ਅੱਗੇ ਨੂੰ ਇਸ ਪਿਰਤ ਨੂੰ ਬਰਕਰਾਰ ਰੱਖਣ ਦਾ ਐਲਾਨ ਵੀ ਕੀਤਾ

ਇਸ ਸ਼ੋ ਦੇ ਸਾਊਂਡ ਸਿਸਟਮ ਅਤੇ ਟੈਚਨੀਕੈਲ ਪ੍ਰਬੰਧਾਂ ਚ ਸਾਈ ਪ੍ਰੋਡਕਸ਼ਨ ਵਲੋਂ ਨਿਰਮਲ ਧਾਲੀਵਾਲ ਦਾ ਵਿਸੇਸ ਸਹਿਯੋਗ ਰਿਹਾ

# ਆਈ ਜੀ ਗੌਤਮ ਚੀਮਾ ਨੂੰ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ

ਚੰਡੀਗੜ੍ਹ, 5 ਮਈ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਆਈ ਜੀ ਗੌਤਮ ਚੀਮਾ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਜਸਟਿਸ ਅਰਵਿੰਦ ਸਿੰਘ ਸਾਂਗਵਾਨ ਦੀ ਬੈਂਚ ਨੇ ਗੌਤਮ ਚੀਮਾ ਵਿਰੁੱਧ ਸੀ ਬੀ ਆਈ ਜਾਂਚ ਰੱਦ ਕਰਨ ਦੀ ਮੰਗ ਕਰਦੀ ਪਟੀਸ਼ਨ ਮਨਜ਼ੂਰ ਕਰ ਲਈ ਹੈ।

ਵਰਨਣ ਯੋਗ ਹੈ ਕਿ ਲੰਮੀ ਬਹਿਸ ਉਪਰੰਤ ਇਸ ਕੇਸ ਵਿੱਚ ਹਾਈ ਕੋਰਟ ਨੇ ਫ਼ੈਸਲਾ ਰਾਖਵਾਂ ਰੱਖ ਲਿਆ ਸੀ ਤੇ ਕੱਲ੍ਹ ਸੀ ਬੀ ਆਈ ਕੇਸ ਰੱਦ ਕਰ ਦਿੱਤਾ ਹੈ। ਆਈ ਜੀ ਗੌਤਮ ਚੀਮਾ ਵਿਰੁੱਧ ਅਗਵਾ ਕਰਨ, ਕਿਸੇ ਦੀ ਜਾਇਦਾਦ ਵਿੱਚ ਗ਼ੈਰ ਕਾਨੂੰਨੀ ਢੰਗ ਨਾਲ ਦਾਖ਼ਲ ਹੋਣ, ਅਪਰਾਧਕ



ਸਾਜਸ਼ ਰਚਣ, ਗ਼ਲਤ ਤਰੀਕੇ ਨਾਲ ਬੰਦੀ ਬਣਾਉਣ ਹੋਰ ਅਪਰਾਧਾਂ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਸੀ। ਇਸੇ ਕੇਸਦੀ ਸੀ ਬੀ ਆਈ ਤੋਂ ਜਾਂਚ ਲਈ ਦਵਿੰਦਰ ਸਿੰਘ ਗਿੱਲ ਅਤੇ ਕ੍ਰਿਸਪੀ ਖਹਿਰਾ ਨੇ ਹਾਈ ਕੋਰਟ ਪਹੁੰਚ ਕੀਤੀ ਸੀ ਤੇ ਹਾਈ ਕੋਰਟ ਨੇ ਚਾਰ ਮਾਰਚ 2020 ਨੂੰ ਚੀਮਾ ਵਿਰੁੱਧ ਸੀ ਬੀ ਆਈ ਜਾਂਚ ਦਾ ਹੁਕਮ ਦਿੱਤਾ ਸੀ। ਆਈ ਜੀ ਗੌਤਮ ਚੀਮਾ ਨੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਅਤੇ ਕਿਹਾ ਸੀ ਕਿ ਉਨ੍ਹਾਂ ਵਿਰੁੱਧ ਸੀ ਬੀ ਆਈ ਨੂੰ ਜਾਂਚ ਦੇਣ ਤੋਂ ਪਹਿਲਾਂ ਉਨ੍ਹਾਂ ਦਾ ਪੱਖ ਨਹੀਂ ਸੁਣਿਆ ਗਿਆ, ਇਸ ਲਈ ਸੀ ਬੀ ਆਈ ਜਾਂਚ ਰੱਦ ਹੋਣੀ ਚਾਹੀਦੀ ਹੈ। ਹਾਈ ਕੋਰਟ ਨੇ ਇਸ ਤੱਥ ਦਾ ਨੋਟਿਸ ਲਿਆ ਕਿ ਤਿੰਨ ਐਸ ਆਈ ਟੀਜ਼(ਵਿਸ਼ੇਸ਼ ਜਾਂਚ ਟੀਮਾਂ) ਬਣਾਈਆਂ ਸਨ, ਪਰ ਕੁਝ ਨਹੀਂ ਕੀਤਾ ਗਿਆ ਸੀ। ਚੀਮਾ ਉੱਤੇ ਦੋਸ਼ ਸੀ ਕਿ ਸਾਂਝੀ ਜਾਇਦਾਦ ਦੇ ਕਾਰੋਬਾਰ ਵਿੱਚ ਮੁਨਾਫ਼ਾ ਵੰਡਣ ਦੇ ਵਿਵਾਦ ਤੋਂ ਬਾਅਦ ਚੀਮਾ ਨੇ ਉਨ੍ਹਾਂ ਵਿਰੁੱਧ ਝੂਠੇ ਕੇਸ ਦਰਜ ਕਰਵਾਏ ਸਨ। ਉਸ ਵੇਲੇ ਵਕੀਲਾਂ ਨੇ ਦਲੀਲ ਦਿੱਤੀ ਸੀ ਕਿ ਦਵਿੰਦਰ ਗਿੱਲ ਨੇ ਗੌਤਮ ਚੀਮਾ ਨਾਲ ਆਪਣੇ ਆਪ ਨੂੰ ਜੋੜ ਕੇ ਆਪਣੀ ਜ਼ਿੰਦਗੀ ਦੀ ਗ਼ਲਤੀ ਕੀਤੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com


ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post




## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ




## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352


ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ


TEAM 4 ENTERTAINMENT & TRANS 99 LOGISTICS PRESENT
SHOWFEST
ARIJIT
SINGH
LIVE IN CONCERT
Team PRODUCTION
RPD
MAGNUS FURNITURE
G MEDIA GROUP
TRANS 99 LOGISTICS
TransExpert ALWAYS DELIVER
AUTOBAHN
Road Link Xpress
TORONTO SHOW
SAT, JUNE 11, 2022
FirstOntario Centre
101 YORK BLVD, HAMILTON, ONTARIO
FOR MORE INFO & SPONSORSHIP
TEAM 4 ENTERTAINMENT
647.400.6862 | 905.793.1234
WWW.TEAM4ENTERTAINMENT.COM
BOOK YOUR TICKETS AT: WWW.TICKETMASTER.CA

**Tri-City** Professional Realty Inc., Brokerage. The Future of Real Estate
www.TriCityPro.com

Number 1. Tri-City agent in Canada on basis of sales volume 2021

**ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ**

**ਅਵਤਾਰ ਸਿੰਘ ਟਿਵਾਣਾ**



NEED MORE LISTINGS

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8



SOLD
$1,399,999
CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਦਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗ੍ਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਇਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਕੂਲਾਂ ਸਹੂਲਤਾਂ ਦੇ ਨੇੜੇ



SOLD
$1,749,900
8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866



SOLD
$1,950,000
26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੇਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!

DUNDAS-JAFINE

# HELP WANTED

**ਕਾਮਿਆਂ ਦੀ ਲੋੜ**

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department

**Urgently Need New Listings in Brampton/Caledon**

visit: www.teamjagaujla.com



Call **JAG AUJLA**
MCNE, REAL ESTATE BROKER
DIR: 416-371-7777
j.aujla@rogers.com www.jagaujla.com
Follow Us:

**CALL JAG FOR A QUICK & FREE HOME EVALUATION**
www.BramptonTopRealtor.com www.BramptonTopAgent.com

**URGENTLY NEED NEW LISTINGS IN THIS AREA**

**RECENTLY LISTED/SOLD IN YOUR NEIGHBOURHOOD BY JAG AUJLA**

JUST LISTED FOR SALE



2nd Dwelling Unit Basement

**Highway 10 & Bovaird Dr. (LEGAL BASEMENT APARTMENT)**
Spotless & Gorgeous ,Semi-Detached Offering 3 + 1 Bedrooms + 4 Washrooms With ** Legal Finished Basement Apartment ** & Separate Entrance; Front Covered Porch; No Carpet ; Spacious Living Room Comes With Gas Fireplace , Pot Lights Laminate Floor; Wood Stair Case; Upgraded Kitchen With Porcelain Floor Tiles, Quartz Counter Top, Backlashes & Stainless Steel Appliances; Separate Dining Area Leads To Back Yard Patio; Master Bedroom Has 4 Pc Ensuite & His/ Her Closet; Roof Shingles (2016); Furnace, Humidifier, Thermostat (2017) ; Ac Unit (2020) Jag Aujla For Details @ 416-371-7777

JUST SOLD



8 Dayspring Circ 1421, Brampton

HIGHEST PRICE SOLD IN 8 DAYSPRING CIRC IN THIS MARKET OF MAY 2022

URGENTLY NEED NEW LISTINGS IN THIS AREA




SOLD $315,000 OVER ASKING IN 3 DAYS
88 Likdale Rd
Williams Pkwy / Centre




SOLD $155,000 OVER ASKING IN 2 DAYS TO MY BUYER
13 Trailridge Dr
Williams Pkwy / Royal Orchard




SOLD $96,000 OVER ASKING IN 2 DAYS TO MY BUYER
26 Hanover Rd
Queen St. / Dixie Rd



SOLD $215,000 OVER ASKING IN 2 DAYS TO MY BUYER
42 Lawnview Crt
Sandalwood /Hwy 10 / Braidwood



SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410



SOLD $317,000 OVER ASKING IN 4 DAYS TO MY BUYER
17 Bristol Ave
Queen St / Mclaughlin

**FREE**

- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
May 2022







QUEENSWOOD COLLEGE
BUSINESS · HEALTH · TECHNOLOGY

## Queenswood College B H & T Convocation 2019-2020, 2020-2021

**ਕੁਈਨਜ਼ਵੁੱਡ ਕਾਲਜ B H & T ਨੇ ਬਹੁਤ ਮਾਣ ਨਾਲ 29 ਅਪਰੈਲ ਨੂੰ ਸਪਰੈਨਜ਼ਾ ਬੈਂਕੁਇਟ ਹਾਲ ਬਰੈਂਪਟਨ ਵਿਖੇ ਆਪਣੇ ਵਿੱਦਿਆਰਥੀਆਂ ਦੀ ਸਖ਼ਤ ਮਿਹਨਤ, ਨਿਸ਼ਚੇ ਅਤੇ ਲਗਨ ਦੇ ਕਾਨਵੋਕੇਸ਼ਨ ਸਮਾਗਮ ਦੌਰਾਨ ਜਸ਼ਨ ਮਨਾਏ।**

ਨੀਰੂ ਅਰੋੜਾ ਵਿੱਦਿਆ ਦੇ ਖੇਤਰ ਵਿੱਚ ਇੱਕ ਜਾਣੀ ਪਹਿਚਾਣੀ ਸਖ਼ਸ਼ੀਅਤ ਹਨ ਜੋ ਪਿਛਲੇ 16 ਤੋਂ ਵੀ ਵੱਧ ਸਾਲਾਂ ਤੋਂ ਸੇਵਾਵਾਂ ਦੇ ਰਹੇ ਹਨ। ਉਹ ਕਮਿਊਨਿਟੀ ਦੇ ਜੌਬਾਂ ਲੈਣ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਕਰ ਰਹੇ ਹਨ। ਕੁਈਨਜ਼ਵੁੱਡ ਕਾਲਜ B H & T ਦੇ ਵਿੱਦਿਆਰਥੀਆਂ ਲਈ ਇੱਕ ਵਿਸ਼ੇਸ਼ ਅਵਸਰ ਸੀ ਅਤੇ ਕਾਲਜ ਦੇ ਵਿੱਦਿਆਰਥੀ ਬਹੁਤ ਹੀ ਉਤਸ਼ਾਹਿਤ ਸਨ। ਉਹ ਆਪਣੇ ਵਿੱਦਿਆ ਦੇ ਖੇਤਰ ਵਿੱਚ ਪੂਰਾ ਸਮਾਂ ਕੰਮ ਕਰ ਰਹੇ ਹਨ। ਕਾਲਜ ਨੇ ਉਹਨਾਂ ਲਈ ਪਲੇਸਮੈਂਟਾਂ ਦਾ ਬੰਦੋਬਸਤ ਕੀਤਾ ਅਤੇ ਉਹਨਾਂ ਨੂੰ ਪਲੇਸਮੈਂਟ ਦੇਣ ਵਾਲੇ ਇੰਪਲਾਇਰਾਂ ਕੋਲ ਉਹਨਾਂ ਨੂੰ ਨੌਕਰੀਆਂ ਵੀ ਮਿਲ ਰਹੀਆਂ ਹਨ। ਇਸ ਮੌਕੇ ਐਮ ਪੀ ਪੀ ਅਮਰਜੋਤ ਸੰਧੂ ਮੁੱਖ ਮਹਿਮਾਨ ਸਨ ਜਿਹਨਾਂ ਦਾ ਨੀਰੂ ਅਰੋੜਾ ਅਤੇ ਗਗਨ ਸ਼ੇਰਗਿੱਲ ਨੇ ਸੁਆਗਤ ਕੀਤਾ। ਜਿਵੇਂ ਅਸੀਂ ਜਾਣਦੇ ਹਾਂ ਕਿ ਲੋਕਾਂ ਦੇ ਜੀਵਨ ਵਿੱਚ ਮੀਡੀਆ ਦਾ ਅਹਿਮ ਰੋਲ ਹੈ ਅਤੇ ਮੀਡੀਆ ਨੇ ਕਾਲਜ ਦੀ ਸਫਲਤਾ ਵਿੱਚ ਵੀ ਵੱਡਾ ਰੋਲ ਅਦਾ ਕੀਤਾ ਹੈ। ਕਾਲਜ ਵੱਲੋਂ ਮੀਡੀਆ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ। ਸਾਡੇ ਇਨਸਟਰਕਰ ਵੀ ਵਿੱਦਿਆਰਥੀਆਂ ਦੇ ਜੀਵਨ ਵਿੱਚ ਅਹਿਮ ਭੂਮਿਕਾ ਅਦਾ ਕਰਦੇ ਹਨ। ਬੇਸ਼ੱਕ ਕੋਈ ਕੈਨੇਡਾ ਵਿੱਚ ਨਵਾਂ ਆਇਆ ਹੋਵੇ, ਸੈਕੰਡ ਕੈਰੀਅਰ ਵੇਖ ਰਿਹਾ ਹੋਵੇ, ਲੇਅ ਆਫ ਹੋਵੇ, ਰਿਫਿਊਜੀ ਜਾਂ ਵਰਕ ਪਰਮਿਟ ਉੱਤੇ ਹੋਵੇ, ਕੁਈਨਜ਼ਵੁੱਡ ਕਾਲਜ B H & T ਮਦਦ ਕਰਨ ਲਈ ਸਦਾ ਹੀ ਤਿਆਰ ਰਹਿੰਦਾ ਹੈ। ਕਾਲਜ ਕੋਲ ਪਰਸਨਲ ਸੁਪੋਰਟ ਵਰਕਰ ਪ੍ਰੋਗਰਾਮ, ਫੂਡ ਸਰਵਿਸ ਵਰਕਰ ਪ੍ਰੋਗਰਾਮ, ਮੈਡੀਕਲ ਆਫਿਸ ਅਸਿਸਟੈਂਟ ਪ੍ਰੋਗਰਾਮ, ਅਕਾਊਂਟਿੰਗ ਪ੍ਰੋਗਰਾਮ, ਆਫਿਸ ਅਡਮਿਨਿਸਟੇਸ਼ਨ ਪ੍ਰੋਗਰਾਮ, ਅਕਾਊਂਟਿੰਗ ਸਰਟੀਫਿਕੇਟ ,ਕੰਪਿਊਟਰ ਕੋਰਸ ਅਤੇ ਭਾਸ਼ਾ ਸਿਖਲਾਈ ਦੇ ਕੋਰਸ ਹਨ। ਬਿਹਤਰ ਭੱਵਿਖ ਲਈ ਵਧੇਰੇ ਜਾਣਕਾਰੀ ਲਈ ਸੰਪ੍ਰਕ ਕਰੋ -

QUEENSWOOD COLLEGE B H & T | WWW.QUEENSWOODCOLLEGE.COM
CALL: (905) 872-0088 | ADDRESS: 2023 WILLIAMS PKWY, UNIT 3, BRAMPTON, ON, L6S 5N1


Canadian Blood Services
BLOOD
PLASMA
STEM CELLS
ORGANS
& TISSUES

## Grand opening May 9
# Brampton plasma donor centre


### Your community is an important link in Canada's Lifeline.

Canadian Blood Services recently opened a new plasma donor centre at 8255 Financial Drive (at Mississauga Road).

Book your appointment at **blood.ca/Brampton**



**Rakesh,**
*plasma donor*




## What is plasma?

Plasma is the straw-coloured, protein-rich liquid in blood that supports our immune system and helps control excessive bleeding. Every day, there are patients whose lives depend on medications made from the proteins found in plasma. These lifesaving plasma protein products are used to help treat a number of chronic and life-threatening conditions.


## Why plasma?

Currently, the need for plasma is more than four times what is currently donated in Canada. Canadian Blood Services has opened a new plasma donor centre in Brampton because we are confident that the community will be able to help meet the growing needs of patients across Canada who rely on plasma-based treatments.

## Become a plasma donor

You can join the first plasma donors in Brampton. Book your appointment today at **blood.ca/Brampton**, on the **GiveBlood app** or call **1 888 2 DONATE** (1.888.236.6283).

*You can also book a plasma donation appointment by using the camera app on your mobile device to scan this QR code*



**Plasma for Life**